ਨਗਰ ਨਿਗਮ ਜਲੰਧਰ



ਨਗਰ ਨਿਗਮ ਹਾਊਸ ਦੀ ਮੀਟਿੰਗ
ਮਿਤੀ **18-1-2021**
ਦੀ ਕਾਰਵਾਈ
(ਮਤਾ ਨੰ: **1-29**)

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 18.1.2021 ਨੂੰ ਹੋਈ ਦੀ ਕਾਰਵਾਈ ।

ਮਿਤੀ 18.1.2021 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ "ਰੈਡ ਕਰਾਸ ਭਵਨ'', ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

ਲੜੀ ਨੰ:	ਵਾਰਡ ਨੰ:	ਨਾਮ
1.	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2.	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3.	1	ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ
4.	2	ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ
5.	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
6.	7	ਸ਼੍ਰੀਮਤੀ ਨੀਲਮ, ਕੌਂਸਲਰ
7.	8	ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ
8.	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
9.	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
10.	15	ਸ਼੍ਰੀਮਤੀ ਡੋਲੀ, ਕੌਂਸਲਰ
11.	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
12.	17	ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ
13.	18	ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ
14.	19	ਸ਼੍ਰੀਮਤੀ ਉਮਾ ਬੇਰੀ, ਕੌਂਸਲਰ
15.	22	ਸ਼੍ਰੀ ਪ੍ਰੱਭਦਿਆਲ, ਕੌਂਸਲਰ
16.	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
17.	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
18.	25	ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ
19.	26	ਸ਼੍ਰੀ ਰੋਹਨ ਸਹਿਗਲ, ਕੌਂਸਲਰ
20.	27	ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ
21.	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
22.	30	ਸ਼੍ਰੀ ਪਵਨ ਕੁਮਾਰ, ਕੌਂਸਲਰ
23.	31	ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ
24.	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
25.	36	ਸ਼੍ਰੀ ਬਚਨ ਲਾਲ, ਕੌਂਸਲਰ
26.	38	ਸ਼੍ਰੀ ਓਮਕਾਰ ਰਜੀਵ, ਕੌਂਸਲਰ
27.	43	ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ
28.	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
29.	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
30.	54	ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ
31.	56	ਸ਼੍ਰੀ ਪੱਲੀ ਅੱਪਨ, ਕੌਂਸਲਰ
32.	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
33.	59	ਸ਼੍ਰੀਮਤੀ ਰੀਨਾ, ਕੌਂਸਲਰ
34.	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
35.	62	ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ
36.	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
37.	65	ਸ਼੍ਰੀਮਤੀ ਅੰਜਲੀ , ਕੌਂਸਲਰ
38.	66	ਸ਼੍ਰੀ ਦਵਿੰਦਰ ਸਿੰਘ, ਕੌਂਸਲਰ
39.	67	ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ

40.	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ
41.	69	ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ
42.	71	ਸ਼੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ
43.	72	ਸ਼੍ਰੀ ਮਿੰਟੂ, ਕੌਂਸਲਰ
44.	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ
45.	75	ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ
46.	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
47.	77	ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ
48.	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
49.	80	ਸ੍ਰੀ ਦੇਸ ਰਾਜ ਜੱਸਲ, ਕੌਂਸਲਰ

ਕੁਲ ਹਾਜ਼ਰ ਮੈਂਬਰ: 49

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2021

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਕਿ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ, ਜਿਹਨਾਂ ਵਿੱਚੋ :-

1. ਚਲ ਰਹੇ ਕਿਸ਼ਾਨੀ ਸੰਘਰਸ ਦੌਰਾਨ ਅਣ-ਗਿਣਤ ਕਿਸ਼ਾਨਾਂ ਦੀਆਂ ਹੋਈਆਂ ਸਹਾਦਤਾਂ
2. ਸਵ: ਸ. ਬੂਟਾ ਸਿੰਘ, ਸਾਬਕਾ ਕੇਂਦਰੀ ਮੰਤਰੀ
3. ਸ੍ਰੀ ਪਵਨ ਕੁਮਾਰ, ਕੌਂਸਲਰ ਜੀ ਦੇ ਮਾਮਾ ਜੀ ਸ੍ਰੀ ਚਮਨ ਲਾਲ ਜੀ ਅਤੇ ਤਾਇਆ ਜੀ ਸ੍ਰੀ ਸੰਤ ਰਾਮ ਜੀ

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਉਹਨਾਂ ਪ੍ਰਤੀ ਖੜੇ ਹੋ ਕੇ ਦੋਂ ਮਿੰਟ ਦਾ ਮੋਨ ਧਾਰਨ ਕਰੀਏ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2021

ਮੇਅਰ ਜੀ ਨੇ ਮੀਟਿੰਗ ਦੀ ਸ਼ੁਰੂਆਤ ਵਿੱਚ ਸਮੂਹ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਵਲੋਂ ਸਮੂਹ ਕੌਂਸਲਰਾਂ ਨੂੰ ਪੱਤਰ ਲਿਖ ਕੇ ਭੇਜਿਆ ਗਿਆ ਸੀ ਕਿ ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਜਿਨ੍ਹਾਂ ਕੌਂਸਲਰਾਂ ਦੇ ਸਵਾਲ ਹੁੰਦੇ ਹਨ, ਉਹ ਲਿਖ ਕੇ ਪਹਿਲਾਂ ਭੇਜਿਆ ਕਰਨ ਤਾਂ ਜ਼ੋ ਸਬੰਧਤ ਅਧਿਕਾਰੀ ਉਹਨਾਂ ਦੇ ਜਵਾਬ ਸਮੇਂ ਸਿਰ ਮੀਟਿੰਗ ਤੋਂ ਪਹਿਲਾਂ ਪਹਿਲਾਂ ਜਾਂ ਮੀਟਿੰਗ ਵਿੱਚ ਦਿੱਤੇ ਜਾ ਸਕਣ । ਹੁਣ ਤੱਕ ਸਿਰਫ ਦੋ ਕੌਂਸਲਰਾਂ ਵਲੋਂ ਹੀ ਤਿੰਨ ਸਵਾਲ ਪੁੱਛੇ ਗਏ ਹਨ । ਮੈਂ ਇਹ ਦੀ ਦੱਸਣਾ ਚਾਹੁੰਦਾ ਹਾਂ ਕਿ ਚਾਹੇ ਤੁਹਾਡੇ ਵਲੋਂ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਤੁਹਾਨੂੰ ਮਿਲ ਜਾਂਦੇ ਹਨ ਪਰ ਤੁਹਾਡੀ ਤਸੱਲੀ ਨਹੀਂ ਹੈ ਤਾਂ ਤੁਸੀਂ ਉਸ ਬਾਰੇ ਮੀਟਿੰਗ ਵਿੱਚ ਫਿਰ ਪੁੱਛ ਸਕਦੇ ਹੋ ।

ਇਸ ਉਪਰੰਤ ਮੇਅਰ ਜੀ ਨੇ ਅੱਧੇ ਘੰਟੇ ਲਈ ਜ਼ੀਰੋ ਆਵਰ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਤੁਹਾਡਾ ਇਹ ਉਪਰਾਲਾ ਬਹੁਤ ਵਧੀਆ ਹੈ ਕਿ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਹਿਉਮੀਲੇਟ ਨਾ ਕੀਤਾ ਜਾਵੇ । ਸਾਡੀ ਵੀ ਇਹ ਮੰਸ਼ਾਂ ਨਹੀਂ ਹੁੰਦੀ ਕਿ ਕਿਸੇ ਨੂੰ ਹਿਉਮੀਲੇਟ ਕਰੀਏ । ਤੁਹਾਡਾ ਸਟੈਪ ਬਹੁਤ ਵਧੀਆ ਹੈ ਕਿ ਅਸੀਂ ਲਿਖ ਕੇ ਸਵਾਲ ਪੁੱਛੀਏ । ਕੀ ਅਸੀਂ ਜਿਹੜੇ ਸਵਾਲ ਲਿਖ ਕੇ ਪੁੱਛਾਂਗੇ ਤਾਂ ਸਾਨੂੰ ਜਵਾਬ ਵੀ ਲਿਖ ਕੇ ਹੀ ਮਿਲੇਗਾ? ਇਸ ਤੇ ਮੇਅਰ ਜੀ ਨੇ ਕਿਹਾ ਕਿ ਬਿਲਕੁਲ ਜੇਕਰ ਤੁਹਾਡੇ ਵਲੋਂ ਸਵਾਲ ਲਿਖ ਕੇ ਪੁੱਛਿਆ ਜਾਂਦਾ ਹੈ ਤਾਂ ਸਬੰਧਤ ਅਧਿਕਾਰੀਆਂ ਵਲੋਂ ਉਸ ਦਾ ਜਵਾਬ ਮੀਟਿੰਗ ਤੋਂ ਪਹਿਲਾਂ ਪਹਿਲਾਂ ਹਰ ਹਾਲ੍ਹਤ ਵਿੱਚ ਤੁਹਾਨੂੰ ਦਿੱਤਾ ਜਾਵੇਗਾ ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ ਨੇ ਕਿਹਾ ਕਿ ਉਹਨਾਂ ਵਲੋਂ ਮਿਤੀ 25.11.2019 ਨੂੰ 4470 ਰਸੀਟ ਨੰਬਰ ਨਾਲ ਸ਼ਿਕਾਇਤ ਕੀਤੀ ਸੀ ਕਿ ਗੋਪਾਲ ਨਗਰ ਵਿਖੇ ਸ੍ਰੀ ਗੁਰੂ ਰਵੀਦਾਸ ਧਾਮ ਨੇੜੇ ਗਲੀ ਜ਼ੋ ਕਿ 30 ਫੁੱਟ ਦੀ ਸੀ ਕਿਸੇ ਵਲੋਂ ਕਬਜਾ ਕਰਕੇ 8'- 9'' ਰਹਿ ਗਈ ਹੈ । ਮੈਂ ਇਸ ਬਾਰੇ ਲਿਖ ਕੇ ਸਵਾਲ ਪੁੱਛੇ ਸੀ । ਮੌਕਾ ਦੇਖਣ ਲਈ ਸ੍ਰੀ ਵਜ਼ੀਰ ਰਾਜ, ਏ.ਟੀ.ਪੀ. ਆਏ ਸੀ ਅਤੇ ਉਹਨਾਂ ਨੇ ਜਵਾਬ ਦਿੱਤਾ ਕਿ ਇਹ ਸੜਕ 8'-9'' ਹੀ ਹੈ ਅਤੇ ਆਪਣੇ ਆਪ ਹੀ ਕਾਨੂੰਨ ਬਣਾ ਲਿਆ ਹੈ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਤੁਸੀਂ ਦੋ ਸਵਾਲ ਕੀਤੇ ਸੀ ਅਤੇ ਦੋਵਾਂ ਦੇ ਜਵਾਬ ਤੁਹਾਨੂੰ ਭੇਜ਼ ਦਿੱਤੇ ਗਏ ਹਨ । ਜੇ ਤੁਸੀਂ ਸੰਤੁਸ਼ਟ ਨਹੀਂ ਹੋ ਤਾਂ ਫਿਰ ਲਿਖ ਕੇ ਪੁੱਛ ਲਵੋ ।

ਮੇਅਰ ਜੀ ਨੇ ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ ਨੂੰ ਕਿਹਾ ਕਿ ਤੁਸੀਂ ਦੋਬਾਰਾ ਲਿਖ ਕੇ ਸਵਾਲ ਭੇਜੋ ਅਤੇ ਤੁਹਾਨੂੰ ਪੂਰਾ ਜਵਾਬ ਦਿੱਤਾ ਜਾਵੇਗਾ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਉਹ ਵੀ ਇਹ ਮੌਕਾ ਦੇਖ ਚੁੱਕੇ ਹਨ । ਇਹ ਸੜਕ 30 ਫੁੱਟ ਦੀ ਸੀ ਜਿਹੜੀ ਕਿ ਹੁਣ 8 ਫੁੱਟ ਰਹਿ ਗਈ ਹੈ । ਉਹਨਾਂ ਨੇ ਇਸ ਸੜਕ ਦੇ ਨਕਸ਼ੇ ਦੀ ਕਾਪੀ ਕਮਿਸ਼ਨਰ ਜੀ ਨੂੰ ਦਿੱਤੀ ।

ਸ੍ਰੀਮਤੀ ਸ਼ੈਲੀ ਖੰਨਾ, ਕੌਂਸਲਰ ਨੇ ਕਿਹਾ ਕਿ ਪਿਛਲੀਆਂ ਦੋ ਮੀਟਿੰਗਾਂ ਵਿੱਚ ਮੈਂ ਲਿਖ ਕੇ ਸ਼ਿਕਾਇਤ ਕੀਤੀ ਸੀ ਕਿ ਮੇਰੇ ਵਾਰਡ ਦੇ ਕੰਮ ਨਹੀਂ ਹੋ ਰਹੇ ਹਨ । ਗੰਦਾ ਪਾਣੀ ਆ ਰਿਹਾ ਹੈ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਸਾਰੇ ਕੌਂਸਲਰਾਂ ਦੇ ਕੰਮ ਹੋ ਰਹੇ ਹਨ । ਜੇਕਰ ਤੁਹਾਡੇ ਕੰਮ ਨਹੀਂ ਹੋ ਰਹੇ ਤਾਂ ਇਸ ਦਾ ਮਤਲਬ ਤੁਸੀਂ ਆਪਣੇ ਵਾਰਡ ਪ੍ਰਤੀ ਸੰਜੀਦਾ ਨਹੀਂ ਹੋ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਤੁਹਾਡੀ ਸੜਕ ਦਾ ਕੰਮ ਹੋ ਰਿਹਾ ਹੈ ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆ ਕਿਹਾ ਕਿ ਤੁਸੀਂ ਕਿਹਾ ਸੀ ਕਿ ਲਿਖ ਕੇ ਦਿਉ । ਮੈਂ ਲਿਖ ਕੇ ਪੱਤਰ ਦਿੱਤਾ ਪਰ ਕੋਈ ਹਲ ਨਹੀਂ ਹੋਇਆ । ਨਾ ਸਫਾਈ ਕਰਮਚਾਰੀ ਅਤੇ ਨਾ ਹੀ ਗੱਡੀਆਂ ਰੇਹੜੇ ਮਿਲੇ । ਸਫਾਈ ਸੇਵਕਾਂ ਦੀ ਹਾਜ਼ਰੀ ਦੂਜੇ ਵਾਰਡ ਵਿੱਚ ਲੱਗ ਰਹੀ ਹੈ । ਉਹ ਨਾ ਤਾਂ ਉਸ ਵਾਰਡ ਵਿੱਚ ਕੰਮ ਕਰ ਰਹੇ ਹਨ ਅਤੇ ਨਾ ਹੀ ਮੇਰੇ ਵਾਰਡ ਵਿੱਚ। ਤੁਸੀਂ ਪਿਛਲੀ ਮੀਟਿੰਗ ਵਿੱਚ ਵੀ ਕਿਹਾ ਸੀ ਕਿ ਹਲ ਹੋਵੇਗਾ ਪਰ ਕੁਝ ਨਹੀਂ ਹੋਇਆ ।ਮੇਰੇ ਪੁਰਾਣੇ ਵਾਰਡ ਵਿੱਚ ਜ਼ੋ ਬੰਦੇ ਸਨ ਉਹ ਨਵੀ ਵਾਰਡਬੰਦੀ ਤੋਂ ਬਾਅਦ ਕੁਝ ਹਿੱਸਾ ਕੱਟਿਆ ਗਿਆ ਜਿਸ ਕਾਰਨ ਨਹੀਂ ਮਿਲੇ। ਤੁਸੀਂ ਉਹ ਹੀ ਸਫਾਈ ਸੇਵਕ ਮੈਨੂੰ ਦੇ ਦਵੋ ।ਐਲ.ਈ.ਡੀ. ਲਾਈਟਾਂ ਵੀ ਮੇਰੇ ਵਾਰਡ ਵਿੱਚ ਨਹੀਂ ਲੱਗ ਰਹੀਆਂ ।ਮੇਰੇ ਵਾਰਡ ਦੇ ਐਸਟੀਮੇਟ ਵੀ ਅਜੰਡੇ ਵਿੱਚ ਨਹੀਂ ਪਾਏ ਗਏ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਪੰਜਾਬ ਸਰਕਾਰ ਵਲੋਂ ਅਜੇ ਨਵੀਂ ਭਰਤੀ ਨਹੀਂ ਕੀਤੀ ਜਾ ਰਹੀ ਹੈ ਅਤੇ ਤਰਸ ਦੇ ਆਧਾਰ ਤੇ ਜਿਹੜੇ ਸਫਾਈ ਸੇਵਕ ਭਰਤੀ ਹੋਣਗੇ ਉਹਨਾਂ ਵਿੱਚ ਤੁਹਾਨੂੰ ਦੇ ਦਿੱਤੇ ਜਾਣਗੇ ।ਲਾਈਟਾਂ ਸਬੰਧੀ ਉਹਨਾਂ ਦੱਸਿਆ ਕਿ ਸਾਰੇ ਸ਼ਹਿਰ ਅੰਦਰ 65000 ਲਾਈਟਾਂ ਲੱਗਣੀਆਂ ਹਨ । ਸਰਵੇ ਮੁੰਕਮਲ ਹੋ ਚੁੱਕਾ ਹੈ । ਟੈਂਡਰ ਪ੍ਰੋਸੈਸਿੰਗ ਵਿੱਚ ਕੁਝ ਫਾਰਮੈਲੀਟੀਜ਼ ਸਨ ਜਿਹੜੀਆਂ ਕਿ ਪੂਰੀਆਂ ਹੋ ਚੁੱਕੀਆਂ ਹਨ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ, ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਸ੍ਰੀ ਪਵਨ ਕੁਮਾਰ ਅਤੇ ਸ੍ਰੀ ਬਲਜੀਤ ਸਿੰਘ ਥਿੰਦ, ਕੌਂਸਲਰਾਂ ਨੇ ਖੜੇ ਹੋ ਕੇ ਕਿਹਾ ਕਿ ਐਲ.ਈ.ਡੀ. ਲਾਈਟਾਂ ਬਾਰੇ ਸਾਰੇ ਕੌਂਸਲਰਾਂ ਨੂੰ ਸਹੀ ਜਾਣਕਾਰੀ ਦਿੱਤੀ ਜਾਵੇ। ਸਰਵੇ ਬਾਰੇ ਕਿਸੇ ਕੌਂਸਲਰ ਨੂੰ ਨਹੀਂ ਪਤਾ । ਲਿਸਟਾਂ ਦਿੱਤੀਆਂ ਜਾਣ । ਕਿਹੜੀ ਕੰਪਨੀ ਹੈ ਬਾਰੇ ਸਾਨੂੰ ਪਤਾ ਹੀ ਨਹੀਂ ਅਤੇ ਸਰਵੇ ਵੀ ਬਗੈਰ ਕੌਂਸਲਰਾਂ ਨੂੰ ਪੁੱਛੇ ਹੀ ਕਰ ਲਿਆ ਗਿਆ ਹੈ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਨੇ ਕਿਹਾ ਕਿ ਉਹਨਾਂ ਵਲੋਂ ਸਰਵੇ ਕਰਨ ਲਈ ਕਿਹਾ ਗਿਆ ਤਾਂ ਜਵਾਬ ਮਿਲਿਆ ਕਿ ਸਰਵੇ ਹੋ ਗਿਆ ਹੈ । ਵਾਰਡ ਨੰ: 67, 69 ਅਤੇ 64 ਵਿੱਚ ਮਿਸਿੰਗ ਪੁਆਇੰਟਸ ਤੇ ਸਟਿੱਕਰ ਲੱਗੇ ਹੋਏ ਹਨ ਪਰ ਮੇਰੀ 5-6 ਗਲੀਆਂ ਵਿੱਚ ਕਾਫੀ ਮਿਸਿੰਗ ਪੁਆਇੰਟਸ ਹਨ ਜਿਨ੍ਹਾਂ ਤੇ ਸਟਿੱਕਰ ਨਹੀਂ ਲੱਗੇ । ਜਿਹੜਾ ਅਧਿਕਾਰੀ ਇਸ ਨੂੰ ਦੇਖ ਰਿਹਾ ਹੈ, ਦੱਸਿਆ ਜਾਵੇ । ਕਿਸ ਰੇਟਾਂ ਤੇ ਇਹ ਕੰਮ ਹੋ ਰਿਹਾ ਹੈ, ਇਹ ਵੀ ਦੱਸਿਆ ਜਾਵੇ । ਕੋਣ ਲਗਾ ਰਿਹਾ ਹੈ । ਪਹਿਲਾਂ ਕਿੰਨੀਆਂ ਲਾਈਟਾਂ ਸਨ ਅਤੇ ਹੋਰ ਕਿੰਨੀਆਂ ਦਿੱਤੀਆਂ ਜਾ ਰਹੀਆਂ ਹਨ ਦੱਸਿਆ ਜਾਵੇ ਅਤੇ ਮਿਸਿੰਗ ਪੁਆਇੰਟਸ ਤੇ ਵੀ ਸਟਿੱਕਰ ਲਗਾਏ ਜਾਣ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ ਅਤੇ ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਐਲ.ਈ.ਡੀ. ਲਾਈਟਾਂ ਦੇ ਪ੍ਰੋਜੈਕਟ ਸਬੰਧੀ ਹੇਠ ਲਿਖੀ ਤਜ਼ਵੀਜ਼ ਮੇਅਰ ਜੀ ਨੂੰ ਪੇਸ਼ ਕੀਤੀ:

1. ਜਲੰਧਰ ਸਮਾਰਟ ਸਿਟੀ ਲਿਮਟਿਡ ਅਧੀਨ ਚਲ ਰਿਹੇ ਐਲ.ਈ.ਡੀ.ਸਟਰੀਟ ਲਾਈਟ ਪ੍ਰੋਜੈਕਟ ਬਾਰੇ ਦੱਸਿਆ ਜਾਵੇ ਕਿ ਇਹ ਕਿੰਨੇ ਭਾਗਾ ਵਿੱਚ ਕੀਤਾ ਜਾਣਾ ਹੈ।
2. ਇਸ ਪ੍ਰੋਜੈਕਟ ਦੀ ਕੁੱਲ ਟੈਂਡਰ ਕੀਮਤ ਕਿੰਨੀ ਹੈ।
3. ਇਸ ਪ੍ਰੋਜੈਕਟ ਦੀ ਕੁੱਲ ਡੀ.ਪੀ.ਆਰ. ਦੀ ਕੁੱਲ ਕੀਮਤ ਕਿੰਨੀ ਹੈ।
4. ਇਹ ਪ੍ਰੋਜੈਕਟ ਕਿਸ ਕੰਪਨੀ ਨੂੰ ਅਲਾਟ ਹੋਇਆ ਹੈ।
5. ਇਸ ਪ੍ਰੋਜੈਕਟ ਵਿੱਚ ਕੁੱਲ ਕਿੰਨੇ ਟੈਂਡਰ ਆਏ ਸੀ ਅਤੇ ਕਿੰਨਵੀਂ ਬਾਰ ਵਿੱਚ ਇਹ ਮੰਜ਼ੂਰ ਹੋਇਆ।
6. ਇਸ ਪ੍ਰੋਜੈਕਟ ਅਧੀਨ ਕੀ ਰੇਟ ਮੰਜ਼ੂਰ ਕੀਤੇ ਗਏ।
7. ਇਸ ਪ੍ਰੋਜੈਕਟ ਅਧੀਨ ਆਈ.ਡੀ.ਸੀ. ਕੋਸਟ ਕਿੰਨੀ ਰੱਖੀ ਗਈ ਅਤੇ ਕਿੰਨੇ ਪ੍ਰਤੀਸ਼ਤ ਇਸ ਵਿੱਚ ਵਾਧਾ ਕੀਤਾ ਜਾਣਾ ਹੈ। ਇਸ ਕੋਸਟ ਦੀ ਵਰਤੋ ਕਿੱਥੇ ਕੀਤੀ ਜਾਣੀ ਹੈ ਇਸ ਬਾਰੇ ਵੀ ਸਮੂਹ ਮਾਨਯੋਗ ਹਾਊਸ ਨੂੰ ਜਾਣੂ ਕਰਵਾਇਆ ਜਾਵੇ। ਇਹ ਵੀ ਦੱਸਿਆ ਜਾਵੇ ਕਿ ਇਸ ਆਈ.ਡੀ.ਸੀ.ਕੋਸਟ ਦੀ ਵਰਤੋਂ ਕਰਨ ਸਮੇਂ ਕਿਸੀ ਕਮੇਟੀ ਦੀ ਮੰਜ਼ੂਰੀ ਲੈਣੀ ਜਰੂਰੀ ਹੈ ਜਾਂ ਨਹੀਂ।
8. ਇਹ ਵੀ ਦੱਸਿਆ ਜਾਵੇਂ ਕਿ ਕੁੱਲ ਪ੍ਰੋਜੈਕਟ ਵਿੱਚ ਕਿੰਨੇ ਵਾਟ ਦੀਆਂ ਲਾਈਟਾਂ ਲਗਾਈਆਂ ਜਾਣੀਆਂ ਹਨ ਅਤੇ ਮੌਜੂਦਾ ਲੱਗੀਆਂ ਲਾਈਟਾਂ ਦੀ ਬੱਦਲੀ ਕਿੰਨੇ ਵਾਟਾਂ ਵਿੱਚ ਕੀਤੀ ਜਾਣੀ ਹੈ। ਇਹ ਲਾਈਟਾਂ ਜ਼ੋ ਬੱਦਲੀ ਜਾਣੀਆਂ ਹਨ ਉਸ ਦੀ ਕਿੰਨੀ ਗਿਣਤੀ ਹੈ ਅਤੇ ਜਿਹੜੇ ਵਾਰਡਾਂ ਵਿੱਚ ਇਹ ਲੱਗਣੀਆਂ ਹਨ ਉਸ ਦੀ ਸਰਵੈ ਰਿਪੋਰਟ ਪਲੈਨ ਵਾਇਜ਼ ਅਤੇ ਵਾਰਡ ਵਾਇਜ਼ ਹਰੇਕ ਕੌਂਸਲਰ ਨੂੰ ਮੁਹੱਈਆਂ ਕਰਵਾਈ ਜਾਵੇ ਤਾਂ ਜ਼ੋ ਹਰੇਕ ਕੌਂਸਲਰ ਉਸ ਦੀ ਪੁਸ਼ਟੀ ਅਤੇ ਸਹਿਮਤੀ ਪ੍ਰਗਟ ਕਰ ਸਕੇ।
9. ਇਹ ਵੀ ਜਾਣੂ ਕਰਵਾਇਆ ਜਾਵੇ ਕਿ ਜ਼ੋ ਨਗਰ ਨਿਗਮ ਦੀ ਹਦੂਦ ਵਿੱਚ ਨਵੇਂ 12 ਪਿੰਡ ਸ਼ਾਮਲ ਹੋਏ ਹਨ ਉਨ੍ਹਾਂ ਵਿੱਚ ਸਕੋਪ ਆਫ ਵਰਕ ਕੀ ਹੋਵੇਗਾ।
10. ਇਸ ਬਾਰੇ ਵੀ ਸਮੂਹ ਹਾਊਸ ਨੂੰ ਜਾਣੂ ਕਰਵਾਇਆ ਜਾਵੇ ਕਿ ਸਾਰੀਆਂ ਲਾਈਟਾਂ ਆਈ.ਪੀ.-66 ਫਿਕਸਚਰ ਦੀਆਂ ਹਨ ਜਾਂ ਨਹੀਂ ਅਤੇ 135 ਲੁਮਨ ਇੰਟੇਸਟੀ ਦੀਆਂ ਹਨ ਜਾਂ ਨਹੀਂ।
11. ਇਹ ਵੀ ਦੱਸਿਆ ਜਾਵੇ ਕਿ ਜੋ 8000 ਲਾਈਟਾਂ ਕੰਪਨੀ ਦੇ ਗਡਾਉਨ ਵਿੱਚ ਆਈਆਂ ਹਨ ਕਿ ਉਸ ਦੀ ਕੋਈ **3rd Party Inspection** ਕਰਵਾਈ ਗਈ ਜਾਂ ਨਹੀਂ ਜ਼ੋ ਕਿ ਆਰ.ਐਫ.ਪੀ. ਦੀ ਕਲਾਜ਼ ਨੰਬਰ **GCC 41** ਅਨੁਸਾਰ ਕਰਨੀ ਲਾਜ਼ਮੀ ਹੈ।
12. ਜਿਹੜੀਆਂ 5028 ਐਲ.ਈ.ਡੀ. ਲਾਈਟਾਂ ਪੁਰਾਣੇ ਰੱਦ ਕੀਤੇ ਗਏ ਠੇਕੇ ਵਿੱਚ ਲੱਗੀਆਂ ਸੀ ਕਿ ਉਹ ਆਈ.ਪੀ.- 66 ਫਿਕਸਚਰ ਦੀਆਂ ਹਨ ਜਾਂ ਨਹੀਂ ਅਤੇ 135 ਲੁਮਨ ਇੰਟੇਸਟੀ ਦੀਆਂ ਹਨ ਜਾਂ ਨਹੀਂ ਅਤੇ ਉਸ ਇਸ ਸਮੇਂ ਚੱਲ ਰਹੀਆਂ ਹਨ ਜਾਂ ਨਹੀਂ। ਇਹ ਵੀ ਦੱਸਿਆ ਜਾਵੇ ਕਿ ਇਹ 5028 ਲਾਈਟਾਂ ਕਿਸ ਵਾਰਡ ਵਿੱਚ ਕਿੰਨੀਆਂ ਲੱਗੀਆਂ ਹੋਈਆਂ ਹਨ।
13. ਜਿਹੜੇ 1436 **Dimmable Points** ਲੱਗਣੇ ਹਨ ਉਹ ਕਿਹੜੀਆਂ **Locations** ਤੇ ਲੱਗਣੇ ਹਨ ਅਤੇ ਉਹਨਾਂ ਦਾ ਕਿ ਭਾਵ ਹੈ ਇਸ ਬਾਰੇ ਵੀ ਵਿਸਥਾਰਪੂਰਵਕ ਦੱਸਿਆ ਜਾਵੇ।
14. ਜਿਹੜੇ **1017 IP65 CCMS Centralized Monitoring points** ਲੱਗਣੇ ਹਨ ਉਹ ਕਿਹੜੀਆਂ **Locations** ਤੇ ਲੱਗਣੇ ਹਨ ਅਤੇ ਉਹਨਾਂ ਦਾ ਕਿ ਭਾਵ ਹੈ ਇਸ ਬਾਰੇ ਵੀ ਵਿਸਥਾਰਪੂਰਵਕ ਦੱਸਿਆ ਜਾਵੇ। ਇਸ ਦਾ ਕੰਟਰੋਲ ਰੂਮ ਕਿੱਥੇ ਹੈ।
15. ਜਿਹੜੇ 2092 **Points** ਨਵੇਂ 12 ਪਿੰਡ ਵਿੱਚ ਲੱਗਣੇ ਹਨ ਕਿ ਉਨ੍ਹਾਂ ਦੀ ਪੋਲ ਦੀ **Length 8.5** ਮੀਟਰ ਹੈ ਜਾਂ ਨਹੀਂ ਅਤੇ ਇਹ 2092 **Points** ਕਿੰਨੀ ਵਾਟ ਦੇ ਲੱਗਣ ਹਨ।
16. ਕੰਪਨੀ ਨੇ ਕੁੱਲ ਕਿੰਨੀ ਰਾਸ਼ੀ ਦੀ ਬੈਂਕ ਗਰੰਟੀ ਜਮ੍ਹਾਂ ਕਰਵਾਈ ਹੈ ਅਤੇ ਕੱਦ ਤੱਕ **Valid** ਹੈ।
17. ਜਿਹੜਾ **Triparty Agreement** ਜਲੰਧਰ ਸਮਾਰਟ ਸਿਟੀ / ਨਗਰ ਨਿਗਮ ਜਲੰਧਰ / ਆਈ.ਸੀ.ਟੀ. ਵਿਚਾਲੇ ਹੋਇਆ ਹੈ ਉਸ ਦੀ ਕਾਪੀ ਮੁਹੱਈਆਂ ਕਰਾਈ ਜਾਵੇ।

ਜੇਕਰ ਸੀ.ਈ.ਓ. ਸਾਹਿਬ ਜਲੰਧਰ ਸਮਾਰਟ ਸਿਟੀ ਸਮਝਦੇ ਹਨ ਕਿ ਉਕਤ ਸਾਰੀਆਂ ਕਮੀਆਂ/ ਸ਼ਰਤਾਂ ਰੂਲਾਂ ਮੁਤਾਬਕ ਠੀਕ ਹਨ ਅਤੇ ਆਪਣੀ ਪ੍ਰੋਜੈਕਟ ਚਲਾਉਣ ਤੇ ਸਹਿਮਤੀ ਪ੍ਰਗਟ ਕਰਦੇ ਹਨ ਤਾਂ ਇਸ ਪ੍ਰੋਜੈਕਟ ਨੂੰ ਚਲਾਉਣ ਲਈ ਇਸ ਹਾਊਸ ਨੂੰ ਕੋਈ ਵੀ ਇਤਰਾਜ਼ ਨਹੀਂ ਹੋਵੇਗਾ।

ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ ਵਲੋਂ ਕਿਹਾ ਗਿਆ ਕਿ ਸਟਰੀਟ ਲਾਈਟ ਐਡਹਾਕ ਕਮੇਟੀ ਵਲੋਂ ਵੀ ਇਸ ਪ੍ਰੋਜੈਕਟਰ ਸਬੰਧੀ 23-24 ਪੁਆਇੰਟਸ ਲਿਖ ਕੇ ਦਿੱਤੇ ਗਏ ਸਨ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਐਲ.ਈ.ਡੀ. ਪ੍ਰੋਜੈਕਟ ਦੇ ਨੋਡਲ ਅਫਸਰ ਐਸ.ਈ. (ਓ ਐਂਡ ਐਮ) ਹਨ । ਕੋਈ ਵੀ ਕੁਆਰੀ ਹੈ ਤੁਸੀਂ ਉਹਨਾਂ ਨੂੰ ਪੁੱਛ ਸਕਦੇ ਹੋ । 2-3 ਸਾਲ ਪਹਿਲਾਂ ਇਸ ਦਾ ਸਰਵੇ ਹੋਇਆ ਸੀ ਅਤੇ ਪਹਿਲਾਂ ਜਿਹੜਾ ਪ੍ਰੋਜੈਕਟ ਸੀ ਉਹ ਬਹੁਤ ਮਹਿੰਗਾ ਸੀ । ਹੁਣ ਇਹ ਪ੍ਰੋਜੈਕਟ 44 ਕਰੋੜ ਰੁਪਏ ਦਾ ਹੈ ਜਿਸ ਨੂੰ ਪੀ.ਐਮ.ਆਈ.ਡੀ.ਸੀ. ਦੀ ਤਕਨੀਕੀ ਟੀਮ ਜਿਸ ਵਿੱਚ ਮੁੱਖ ਇੰਜੀਨਿਅਰ ਹਨ ਵਲੋਂ ਪ੍ਰਵਾਨ ਕੀਤਾ ਗਿਆ ਹੈ ।ਜਦੋਂ ਕਿਸੇ ਕੋਂਸਲਰ ਦੇ ਵਾਰਡ ਵਿੱਚ ਕੰਮ ਸ਼ੁਰੂ ਹੋਵੇਗਾ ਤਾਂ ਸਬੰਧਤ ਅਧਿਕਾਰੀ ਉਸ ਕੋਂਸਲਰ ਨੂੰ ਕੰਟੈਕਟ ਕਰੇਗਾ। ਜਿੱਥੇ ਵੀ ਲਾਈਟਾਂ ਲੱਗਣੀਆਂ ਸ਼ੁਰੂ ਹੋਣਗੀਆਂ ਤਾਂ ਉਸੇ ਕੰਟੀਨਿਊਟੀ ਵਿੱਚ ਅੱਗੇ ਨਾਲ-ਨਾਲ ਬਾਕੀ ਦੇ ਵਾਰਡ ਵੀ ਕਵਰ ਹੋਣਗੇ । ਮਾਰਚ ਜਾਂ ਅਪ੍ਰੈਲ, 2021 ਤੱਕ ਸਾਰੇ ਸ਼ਹਿਰ ਦੀਆਂ ਲਾਈਟਾਂ ਲੱਗ ਜਾਣਗੀਆਂ । ਇਸ ਪ੍ਰੋਜੈਕਟ ਦੀ ਡੀ.ਪੀ.ਆਰ. ਵੀ ਤੁਹਾਡੇ ਨਾਲ ਸ਼ੇਅਰ ਕੀਤੀ ਜਾਵੇਗੀ ।

ਸ੍ਰੀਮਤੀ ਅਰੁਣਾ ਅਰੋੜਾ, ਕੋਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਪ੍ਰੋਜੈਕਟ ਦੀ ਕੋਈ ਜਾਣਕਾਰੀ ਕਿਸੇ ਕੋਂਸਲਰ ਨੂੰ ਨਹੀਂ ਹੈ । ਡੇਰਾ ਸਤ ਕਰਤਾਰ ਨਗਰ ਦੇ ਸਾਹਮਣੇ ਫੁੱਟਪਾਥ ਤੋੜ੍ਹ ਦਿੱਤੇ ਗਏ ਹਨ । ਲਾਜਪਤ ਨਗਰ ਵਿਖੇ ਲਾਈਟਾ ਨਾ ਹੋਣ ਕਾਰਨ ਕਾਫੀ ਐਕਸੀਡੈਂਟ ਹੋ ਰਹੇ ਹਨ, ਪਹਿਲਾਂ ਉਥੇ ਲਾਈਟਾ ਲਗਾ ਦਿੱਤੀਆਂ ਜਾਣ।

ਸ੍ਰੀਮਤੀ ਅੰਜਲੀ ਭਗਤ, ਕੋਂਸਲਰ ਨੇ ਮੁੜ੍ਹ ਬੋਲਦਿਆਂ ਕਿਹਾ ਕਿ ਉਹਨਾਂ ਦੇ ਜ਼ੋਨ ਵਿੱਚ 10 ਵਾਰਡ ਆਉਂਦੇ ਹਨ ਅਤੇ ਸਿਰਫ ਇੱਕੋ ਜੈਟਿੰਗ ਮਸ਼ੀਨ ਹੋਣ ਕਾਰਣ ਸੀਵਰੇਜ਼ ਬਲਾਕੇਜ਼ ਦੀ ਸਮੱਸਿਆ ਕਈ ਦਿਨਾਂ ਤੱਕ ਠੀਕ ਨਹੀਂ ਹੁੰਦੀ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਅਸੀਂ ਸਮਾਰਟ ਸਿਟੀ ਪ੍ਰੋਜੈਕਟ ਅਧੀਨ 3 ਕਰੋੜ ਰੁਪਏ ਨਾਲ ਹੋਰ ਸੀਵਰ ਜੈਟਿੰਗ ਮਸ਼ੀਨਾਂ ਖ਼ਰੀਦ ਕਰਨ ਜਾ ਰਹੇ ਹਾਂ ।

ਸ੍ਰੀ ਸੁਸ਼ੀਲ ਕੁਮਾਰ, ਕੋਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਵਧੀਆ ਉਪਰਾਲਾ ਕੀਤਾ ਹੈ ਕਿ ਸਵਾਲ ਲਿਖ ਦੇ ਪੁੱਛੋ । ਤੁਹਾਡਾ ਬਹੁਤ ਧੰਨਵਾਦ ਕਿ ਸਮਾਰਟ ਸਿਟੀ ਦਾ ਪੈਸਾ ਸ਼ਹਿਰ ਵਿੱਚ ਲੱਗ ਰਿਹਾ ਹੈ । ਉਹਨਾਂ ਕਿਹਾ ਕਿ ਸ੍ਰੀ ਜਗਦੀਸ਼ ਰਾਮ, ਕੋਂਸਲਰ ਵਲੋਂ ਇਤਰਾਜ਼ ਕੀਤਾ ਗਿਆ ਸੀ ਕਿ ਵਰਿਆਣਾ ਡੰਪ ਦਾ ਟੈਂਡਰ ਬਹੁਤ ਮਹਿੰਗਾ ਹੈ । ਹੁਣ ਤੁਸੀਂ ਇਸ ਕੰਮ ਲਈ 4 ਕਰੋੜ 53 ਲੱਖ ਰੁਪਏ ਦੀ ਐਕਸਟਰਾਂ ਮਸ਼ੀਨਰੀ ਲੈ ਰਹੇ ਹੋ । ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਨੇ ਨਗਰ ਨਿਗਮ ਜਲੰਧਰ ਦਾ 25 ਲੱਖ ਰੁਪਏ ਜ਼ਬਤ ਕਰ ਲਿਆ ਸੀ ਅਤੇ ਹੁਣ ਹੋਰ 25 ਲੱਖ ਦੀ ਬੈਂਕ ਗਰੰਟੀ ਵੀ ਜ਼ਬਤ ਕਰਨ ਜਾ ਰਿਹਾ ਹੈ । ਇਸ ਪ੍ਰੋਜੈਕਟ ਨੂੰ ਲਗਾਉਣ ਦੀ ਡੈਡ ਲਾਈਨ 31 ਦਸੰਬਰ, 2020 ਸੀ । ਤੁਸੀਂ ਜਿੰਮੇਵਾਰੀ ਤੋਂ ਭੱਜ ਰਹੇ ਹੋ । ਉਹਨਾਂ ਇਹ ਵੀ ਕਿਹਾ ਕਿ ਲਾਕਡਾਊਨ ਦੌਰਾਣ ਮਾਨਯੋਗ ਪ੍ਰਧਾਨ ਮੰਤਰੀ ਜੀ ਦੀ ਸਵੈਨਿਧੀ ਯੋਜਨਾਂ ਤਹਿਤ ਰੇਹੜੀ ਵਾਲਿਆਂ ਨੂੰ 10-10 ਹਜ਼ਾਰ ਰੁਪਏ ਦੇ ਕਰਜ਼ੇ ਦੀ ਸਕੀਮ ਲਾਂਚ ਹੋਈ ਸੀ । ਕਿਸ ਕਿਸ ਨੂੰ ਇਸ ਦਾ ਫਾਇਦਾ ਮਿਲਿਆ ਹੈ, ਇਸ ਬਾਰੇ ਕਲੈਰਿਟੀ ਨਹੀਂ ਹੈ । ਕਈ ਅਜਿਹੇ ਲੋਕਾਂ ਨੂੰ ਵੀ ਇਸ ਸਕੀਮ ਦਾ ਫਾਇਦਾ ਪਹੁੰਚਾਇਆ ਜਾ ਰਿਹਾ ਹੈ ਜ਼ੋ ਇਸ ਸਕੀਮ ਤਹਿਤ ਕਵਰ ਨਹੀਂ ਹੁੰਦੇ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਵਰਿਆਣਾ ਡੰਪ ਵਿਖੇ ਬਾਇਓਮਾਈਨਿੰਗ ਪ੍ਰੋਜੈਕਟ ਦੀ ਪਹਿਲਾਂ ਡੀ.ਪੀ.ਆਰ. ਚੰਡੀਗੜ੍ਹ ਭੇਜੀ ਗਈ ਸੀ ਤਾਂ ਸਰਕਾਰ ਨੇ ਕਿਹਾ ਕਿ ਪਟਿਆਲਾ ਮਾਡਲ ਅਡਾਪਟ ਕਰੋ । ਅਸੀਂ ਪਟਿਆਲਾ ਮਾਡਲ ਚੁੰਣ ਕੇ ਸ਼ਹਿਰ ਦੀ ਲੋੜ੍ਹ ਅਨੁਸਾਰ ਚੀਫ ਇੰਜੀਨਿਅਰਜ਼ ਦੀ ਕਮੇਟੀ ਦੇ ਪੱਧਰ ਤੇ ਇਹ ਪ੍ਰੋਜੈਕਟ ਅਪਰੂਵ ਕਰਵਾਇਆ ਹੈ । ਅਸੀਂ ਟੈਂਡਰ ਲਾ ਦਿੱਤਾ ਸੀ ਅਤੇ 4 ਬਿਡਸ ਵੀ ਆ ਗਈਆਂ ਸਨ । ਐਸ.ਓ.ਪੀ. ਦੀਆਂ ਗਾਈਡਲਾਈਨਜ਼ ਅਨੁਸਾਰ ਤਿੰਨ ਵੈਲਿਡ ਬਿਡਸ ਆਉਣ ਤੇ ਹੀ ਟੈਂਡਰ ਅਪਰੂਵ ਕਰਨਾ ਹੁੰਦਾ ਹੈ । ਪਰ ਇਹਨਾਂ ਚਾਰਾਂ ਬਿਡਸ ਵਿੱਚੋਂ ਦੋ ਬਿਡਸ ਵੈਲਿਡ ਨਹੀਂ ਸਨ । ਦੁਬਾਰਾ ਟੈਂਡਰ ਮਿਤੀ 21 ਜਨਵਰੀ, 2021 ਲਈ ਮੰਗਿਆ ਗਿਆ ਹੈ ।ਦੁਬਾਰਾ ਤਿੰਨ ਬਿਡਸ ਦੀ ਕੰਡੀਸ਼ਨ ਨਹੀਂ ਹੋਵੇਗੀ ਅਤੇ ਰੇਟ ਵੀ ਠੀਕ ਆਵੇਗਾ । ਤਿੰਨ ਸਾਲਾਂ ਵਿੱਚ ਇਹ ਡੰਪ ਸਾਫ ਹੋ ਜਾਵੇਗਾ । ਸਟਰੀਟ ਵੈਂਡਰਸ ਲਈ ਜਿਹੜੀ ਸਵੈਨਿਧੀ ਯੋਜਨਾ ਹੈ 6-7 ਮਹੀਨੇ ਪਹਿਲਾਂ ਉਦੋਂ ਕੰਮ ਸ਼ੁਰੂ ਨਹੀਂ ਸੀ ਹੋਇਆ । ਮੈਨੂੰ ਖੁਸ਼ੀ ਹੈ ਕਿ ਅਸੀਂ ਪੰਜਾਬ ਵਿੱਚ ਪਹਿਲੇ ਨੰਬਰ ਤੇ ਹਾਂ ਅਤੇ 31.1.2021 ਤੱਕ ਦੀ ਡੈਡ ਲਾਈਨ ਤੋਂ ਪਹਿਲਾਂ-ਪਹਿਲਾਂ 80% ਤੋਂ ਉਪਰ ਟਾਰਗੇਟ ਪ੍ਰਾਪਤ ਕਰ ਲਿਆ ਹੈ । ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀ ਪਾਰਟੀਸਿਪੇਸ਼ਨ ਅਨੁਸਾਰ ਜ਼ੋ ਡਾਕੂਮੈਂਟ ਲੈਣਾ ਸੀ ਉਹ ਹੀ ਡਾਕੂਮੈਂਟ ਲਏ ਜਾ ਰਹੇ ਹਨ । 12014 ਸਟਰੀਟ ਵੈਂਡਰਸ ਸੀ । ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਵੈਲਿਡ ਸਟਰੀਟ ਵੈਂਡਰ ਨਹੀਂ ਹੈ ਤਾਂ ਉਸਦਾ ਕਰਜਾ ਸੈਂਕਸਨ ਨਹੀਂ ਹੋਵੇਗਾ । ਲਿਸਟਾਂ ਨਗਰ ਨਿਗਮ ਵਿੱਚ ਆ ਗਈਆਂ ਹਨ । ਸਰਕਾਰ ਨੇ ਤਾਂ ਜਿਹੜੀ ਐਨਰੋਲਮੈਂਟ ਫੀਸ 500/- ਰੁਪਏ ਸੀ ਉਹ ਵੀ ਮੁਆਫ ਕਰ ਦਿੱਤੀ ਹੈ ।

ਡਾ: ਤਮਨਰੀਤ ਕੌਰ, ਕੋਂਸਲਰ ਨੇ ਬੋਲਦਿਆ ਕਿਹਾ ਕਿ ਉਹਨਾਂ ਦੇ ਵਾਰਡ ਦੇ ਇੰਦਰਾ ਕਲੋਨੀ ਵਿੱਚ ਨਵੀਆਂ ਪਾਣੀ ਦੀਆਂ ਪਾਈਪਾਂ ਪਾਈਆਂ ਗਈਆਂ ਹਨ । 7 ਗਲੀਆਂ ਵਿੱਚੋਂ ਸਿਰਫ ਇੱਕ ਗਲੀ ਦਾ ਹੀ ਪਾਣੀ ਸਾਫ ਹੈ । ਬਾਕੀ ਦੀਆਂ ਗਲੀਆਂ ਵਿੱਚ ਗੰਦਾ ਪਾਣੀ ਆ ਰਿਹਾ ਹੈ । ਉਹਨਾਂ ਇੱਕ ਗੰਦੇ ਪਾਣੀ ਦੀ ਬੋਤਲ ਵੀ ਮੇਅਰ ਜੀ ਨੂੰ ਦਿਖਾਈ । ਉਹਨਾਂ ਇਹ ਵੀ ਕਿਹਾ ਕਿ ਅਖ਼ੀਰ ਵਿੱਚ ਗਲੀ ਨੰ: 8 ਅਤੇ 9 ਵਿੱਚ ਨਹੀਂ ਪਾਈਪ ਲਾਈਨ ਨਹੀਂ ਪਾਈਆਂ ਗਈਆਂ । ਉਹਨਾਂ ਐਲ.ਈ.ਡੀ. ਲਾਈਟਾਂ ਲਗਾਉਣ ਦੀ ਵੀ ਮੰਗ ਕੀਤੀ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਇੰਦਰਾ ਕਲੋਨੀ ਨਗਰ ਸੁਧਾਰ ਟਰੱਸਟ ਦੀ ਸਕੀਮ ਸੀ ਜਿਹੜੀ ਕਿ ਅਜੇ ਰੈਗੁਲਰਾਈਜ਼ ਨਹੀਂ ਹੋਈ । ਜੇਕਰ ਨਗਰ ਸੁਧਾਰ ਟਰੱਸਟ ਐਨ.ਓ.ਸੀ. ਦੇਵੇਗਾ ਤਾਂ ਹੀ ਇਸ ਸਲੱਮ ਅਬਾਦੀ ਨੂੰ ਰਾਈਟਸ ਦਿੱਤੇ ਜਾ ਸਕਣਗੇ । ਮੇਰੇ ਤੋਂ ਪਹਿਲਾਂ ਵੀ ਉਥੇ ਡਿਵੈਲਪਮੈਂਟ ਦੇ ਕੰਮ ਹੋਏ ਹਨ ਅਤੇ ਹੁਣ ਵੀ ਹੋ ਰਹੇ ਹਨ ।ਗੰਦੇ ਪਾਣੀ ਸਬੰਧੀ ਉਹਨਾਂ ਸਬੰਧਤ ਸ਼ਾਖਾ ਨੂੰ ਸਖ਼ਤ ਹਦਾਇਤ ਕੀਤੀ ਕਿ ਇਸ ਸਮੱਸਿਆ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾਵੇ ।ਲਾਈਟਾਂ ਸਬੰਧੀ ਉਹਨਾਂ ਕਿਹਾ ਕਿ ਇਸ ਵੇਲੇ 8 ਟੀਮਾਂ ਲੱਗੀਆਂ ਹੋਈਆਂ ਹਨ ਜ਼ੋ ਕਿ ਰੋਜ਼ਾਨਾ 300 ਦੇ ਕਰੀਬ ਲਾਈਟਾਂ ਲਗਾ ਰਹੀਆਂ ਹਨ । ਜਲਦ ਇਹਨਾਂ ਦਾ ਟੀਚਾ 500 ਤੱਕ ਪੂਰਾ ਕਰਵਾਇਆ ਜਾਵੇਗਾ ।

ਸ੍ਰੀ ਜਗਦੀਸ਼ ਰਾਮ, ਕੌਂਸਲਰ ਨੇ ਕਿਹਾ ਕਿ ਵਰਿਆਣਾ ਡੰਪ ਬਾਇਓਮਾਈਨਿੰਗ ਪ੍ਰੋਜੈਕਟ ਸਬੰਧੀ ਉਹਨਾਂ ਦੇ ਇਤਰਾਜ਼ ਕੀਤਾ ਸੀ ਤਾਂ ਇਹ ਪ੍ਰੋਜੈਕਟ 71 ਕਰੋੜ ਰੁਪਏ ਤੋਂ ਘੱਟ ਕੇ 44 ਕਰੋੜ ਰੁਪਏ ਦਾ ਤਿਆਰ ਕੀਤਾ ਗਿਆ ਹੈ ਪਰ ਅਜੇ ਵੀ ਇਸ ਦੇ ਰੇਟ ਬਹੁਤ ਜ਼ਿਆਦਾ ਹਨ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਤੁਹਾਨੂੰ ਅਖ਼ਬਾਰਾਂ ਵਿੱਚ ਖ਼ਬਰਾ ਛਪਵਾਉਣ ਤੋਂ ਪਹਿਲਾਂ ਕਮਿਸ਼ਨਰ ਜਾਂ ਮੇਅਰ ਜੀ ਨਾਲ ਗੱਲ ਕਰਨੀ ਚਾਹੀਦੀ ਸੀ । ਤੁਸੀਂ ਇੱਕ ਜਿੰਮੇਵਾਰ ਕੌਂਸਲਰ ਹੋ । ਇਹ ਪ੍ਰੋਜੈਕਟ ਤਕਨੀਕੀ ਟੀਮ ਜਿਸ ਵਿੱਚ ਮੁੱਖ ਇੰਜੀਨਿਅਰਜ਼, ਐਡਵਾਈਜ਼ਰ ਟੂ ਸੀ.ਐਮ. ਤੋਂ ਬਾਅਦ ਮਾਨਯੋਗ ਮੁੱਖ ਮੰਤਰੀ ਜੀ ਦੇ ਪੱਧਰ ਤੇ ਅਪਰੂਵ ਹੋਇਆ ਹੈ ।

ਮੇਅਰ ਜੀ ਨੇ ਸ੍ਰੀ ਜਗਦੀਸ਼ ਰਾਮ, ਕੌਂਸਲਰ ਨੂੰ ਹਦਾਇਤ ਕੀਤੀ ਕਿ ਅਸੀਂ ਫਾਇਲ ਮੰਗਵਾ ਕੇ ਸਟੱਡੀ ਕਰ ਲੈਂਦੇ ਹਾਂ । ਤੁਸੀਂ ਕਲ੍ਹ ਆ ਜਾਓ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਮੁੜ੍ਹ ਬੋਲਦਿਆਂ ਕਿਹਾ ਕਿ ਪੂਰੇ ਸ਼ਹਿਰ ਦੇ ਅੰਦਰ ਨੀਲੇ ਬੋਰਡ ਅਤੇ ਚਿੱਟੀਆਂ ਲਾਈਨਾਂ ਪਹਿਲਾਂ ਤੇ 18 ਕਰੋੜ ਰੁਪਏ ਲੱਗੇ ਸਨ । ਕੀ ਸਾਰੇ ਕੌਂਸਲਰਾਂ ਦੇ ਵਾਰਡਾਂ ਵਿੱਚ ਲੱਗੇ ਹਨ ਜਿਸ ਤੇ ਜ਼ਿਆਦਾਤਰ ਕੌਂਸਲਰਾਂ ਨੇ ਉਹਨਾਂ ਦਾ ਸਮਰਥਨ ਕੀਤਾ। ਉਹਨਾਂ ਫਿਰ ਕਿਹਾ ਕਿ ਉਸ ਤੋਂ ਬਾਅਦ 2 ਕਰੋੜ ਰੁਪਏ ਫਿਰ ਲੱਗੇ । ਕੁਲ 20 ਕਰੋੜ ਰੁਪਏ ਲੱਗੇ। ਮੇਅਰ ਸਾਹਿਬ ਤੁਹਾਡੀ ਵਾਰਡ ਜਾਂ ਤੁਹਾਡੇ ਨਾਲ ਦੇ ਵਾਰਡ ਨੰ: 49 ਵਿੱਚ ਇਹ ਲੱਗੇ । ਤੁਹਾਡੇ ਅਤੇ ਤੁਹਾਡੇ ਨਾਲ ਦੇ ਵਾਰਡ ਨੰ: 49 ਦੇ 42 ਲੱਖ ਅਤੇ 45 ਲੱਖ ਰੁਪਏ ਦੇ ਇਸ ਕੰਮ ਦੇ ਨਵੇਂ ਟੈਂਡਰ ਲੱਗੇ ਹਨ । ਕੀ ਉਹ 20 ਕਰੋੜ ਰੁਪਏ ਵਿੱਚੋਂ ਕੰਮ ਨਹੀਂ ਹੋਇਆ ਸੀ। ਤੁਹਾਡੇ ਦੋਵਾਂ ਦੇ ਵਾਰਡਾਂ ਵਿੱਚ ਇੱਕ ਕਰੋੜ ਰੁਪਏ ਦੇ ਬੋਰਡ ਲਗਾਏ ਗਏ ਹਨ । 50-50 ਲੱਖ ਰੁਪਏ ਸਾਰੇ ਕੌਂਸਲਰਾਂ ਨੂੰ ਇਸ ਕੰਮ ਲਈ ਦੇ ਦਵੋ । ਮਿਤੀ 6.1.2021 ਨੂੰ ਕੈਂਟ ਹਲਕੇ ਦੇ ਵਾਰਡਾਂ ਦੇ ਇਸ ਕੰਮ ਲਈ 9-9 ਲੱਖ ਰੁਪਏ ਦੇ ਕੁਲ 2 ਕਰੋੜ ਰੁਪਏ ਦੇ ਟੈਂਡਰ ਲੱਗੇ ਹਨ ਜਿਸ ਤੇ ਕੈਂਟ ਦੇ ਸਮੂਹ ਹਾਜ਼ਰ ਕੌਂਸਲਰਾਂ ਨੇ ਉਹਨਾਂ ਨੂੰ ਜਵਾਬ ਦਿੰਦਿਆਂ ਕਿਹਾ ਕਿ ਇਹ ਟੈਂਡਰ ਉਹਨਾਂ ਨੂੰ ਅਲਾਟ ਰਾਸ਼ੀ ਵਿੱਚੋਂ ਲਗਾਏ ਗਏ ਹਨ । ਤਾਂ ਉਹ ਚੁੱਪ ਕਰ ਗਏ । ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਇਹ ਬਹੁਤ ਵੱਡਾ ਘਪਲਾ ਹੈ ।23 ਕਰੋੜ ਰੁਪਏ ਦਾ ਵੱਡਾ ਘਪਲਾ ਹੈ ।

ਸ੍ਰੀ ਰਜਨੀਸ਼ ਡੋਗਰਾ, ਐਸ.ਈ.(ਬੀ ਐਂਡ ਆਰ) ਨੇ ਜਵਾਬ ਦਿੰਦਿਆ ਕਿਹਾ ਕਿ ਸਿਟੀ ਸਕੇਪ ਦਾ ਇਹ 18 ਕਰੋੜ ਰੁਪਏ ਦਾ ਪ੍ਰੋਜੈਕਟ ਸੀ ਜਿਸ ਵਿੱਚ ਕਈ ਆਈਟਮਾਂ ਜਿਵੇਂ ਕਿ ਸਾਈਨ ਬੋਰਡ, ਵਾਈਟ ਲਾਈਨਜ਼, ਸੈਂਟਰਲ ਵਰਜਾਂ ਦੀ ਉਸਾਰੀ, ਗਰਿਲਾਂ ਅਤੇ ਪਾਰਕਾਂ ਦੇ ਕੰਮ ਵੀ ਸ਼ਾਮਲ ਸਨ ।

ਮੇਅਰ ਜੀ ਨੇ ਸ੍ਰੀ ਦੇਸ ਰਾਜ ਜੱਸਲ ਨੂੰ ਕਿਹਾ ਕਿ ਤੁਹਾਨੂੰ ਜਵਾਬ ਮਿਲ ਗਿਆ ਹੈ ਅਤੇ ਹੁਣ ਤੁਸੀਂ ਬੈਠ ਜਾਓ ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ ਨੇ ਕਿਹਾ ਕਿ ਤੁਹਾਡਾ ਬਹੁਤ ਧੰਨਵਾਦ ਕਿ ਮੇਰੇ ਵਾਰਡ ਵਿੱਚ ਤਿੰਨ ਉਦਘਾਟਨ ਹੋ ਗਏ ਹਨ ਅਤੇ ਇੱਕ ਉਦਘਾਟਨ ਰਹਿੰਦਾ ਹੈ ਉਹ ਵੀ ਜਲਦ ਕਰਵਾ ਦਿੱਤਾ ਜਾਵੇ । ਉਹਨਾਂ ਰਾਜਾ ਗਾਰਡਨ, ਅਮਨ ਨਗਰ ਜਿਹੜੇ ਕਿ ਅਣਡਿਕਲੇਅਰਡ ਏਰੀਏ ਹਨ ਵਿੱਚ ਵੀ ਵਿਕਾਸ ਦੇ ਕੰਮ ਕਰਵਾਉਣ ਲਈ ਮੰਗ ਕੀਤੀ । ਉਹਨਾਂ ਇਹ ਵੀ ਕਿਹਾ ਕਿ ਕੱਚਾ ਕੋਟ ਵਿਖੇ ਟੈਂਕੀ ਨੂੰ ਡਿਮਾਲਸ਼ ਕੀਤਾ ਜਾਵੇ ।ਉਹਨਾਂ ਇਹ ਵੀ ਕਿਹਾ ਕਿ ਬਹੁਤ ਸਾਲ ਪਹਿਲਾਂ ਨਗਰ ਨਿਗਮ ਦੀ ਲਾਇਬ੍ਰੇਰੀ ਹੁੰਦੀ ਸੀ ਅਤੇ ਉਸ ਵਿੱਚ ਬਹੁਤ ਸਾਰੀਆਂ ਕਿਤਾਬਾਂ ਸਨ । ਜਲੰਧਰ ਲਿਟਰੇਰੀ ਫੋਰਮ ਵਲੋਂ ਉਹਨਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਇਹ ਕਿਤਾਬਾਂ ਉਹਨਾਂ ਨੂੰ ਦੇ ਦਿੱਤੀਆਂ ਜਾਣ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਇਹ ਕਿਤਾਬਾਂ ਕਿਸੇ ਘਰ ਵਿੱਚ ਡੰਪ ਕਰ ਦਿੱਤੀਆਂ ਗਈਆਂ ਸਨ। ਤਿੰਨ ਮਹੀਨੇ ਪਹਿਲਾਂ ਇਹਨਾਂ ਕਿਤਾਬਾਂ ਨੂੰ ਅਲੱਗ- ਅਲੱਗ ਕਰਵਾ ਕੇ ਲਿਸਟਾਂ ਬਨਾ ਲਈਆਂ ਗਈਆਂ ਹਨ । ਅਸੀਂ ਸੋਚਿਆ ਸੀ ਕਿ ਜ਼ਿਲਾ ਲਾਇਬ੍ਰੇਰੀ ਵਿੱਚ ਰਖਵਾ ਦਈਏ । ਲਗਭਗ 23-24 ਹਜ਼ਾਰ ਕਿਤਾਬਾਂ ਹਨ । ਜਗ੍ਹਾ ਲਭ ਰਹੇ ਹਾਂ । ਸ਼ਹੀਦ ਬਾਬੂ ਲਾਭ ਸਿੰਘ ਟਰੱਸਟ ਨਾਲ ਵੀ ਗੱਲਬਾਤ ਕੀਤੀ ਗਈ ਸੀ ਪਰ ਸਿਰੇ ਨਹੀਂ ਚੜ੍ਹੀ। ਚੰਡੀਗੜ੍ਹ ਲੈਵਲ ਤੇ ਵੀ ਗੱਲ ਕੀਤੀ ਕਿ ਉਚ ਸਿਖਿਆ ਵਿਭਾਗ ਨੂੰ ਦੇ ਦਿੱਤੀਆਂ ਜਾਣ । ਪਰ ਕੋਈ ਨਤੀਜ਼ਾ ਨਹੀਂ ਨਿਕਲਿਆ । ਤੁਸੀਂ ਜਗਾਂ ਦੇ ਦਿਓ ਅਸੀਂ ਕਿਤਾਬਾਂ ਉਥੇ ਸ਼ਿਫਟ ਕਰਵਾ ਦੇਵਾਂਗੇ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਨੇ ਸੁਝਾਓ ਦਿੱਤਾ ਕਿ ਕਿ ਉਹਨਾਂ ਦੇ ਵਾਰਡ ਵਿੱਚ ਬਣੇ ਸੇਵਾ ਕੇਂਦਰ ਦੇ ਨੇੜੇ ਬਿਲਡਿੰਗ ਬਣੀ ਹੋਈ ਹੈ ਉਸ ਨੂੰ ਵੇਖ ਲਿਆ ਜਾਵੇ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਨੇ ਕਿਹਾ ਕਿ ਉਹਨਾਂ ਵਲੋਂ 6.11.2020 ਅਤੇ 1.12.2020 ਦੀਆਂ ਮੀਟਿੰਗਾਂ ਵਿੱਚ ਅਣਅਧਿਕਾਰਤ ਕਲੋਨੀਆਂ ਅਤੇ ਬਿਲਡਿੰਗਾਂ ਦਾ ਮੁੱਦਾ ਉਠਾਇਆ ਗਿਆ ਸੀ ਜ਼ੋ ਕਿ ਪਰੋਸੀਡਿੰਗ ਵਿੱਚ ਆ ਗਿਆ ਸੀ ਪਰ ਉਹਨਾਂ ਦੇ ਜਵਾਬ ਅਜੇ ਤੱਕ ਨਹੀਂ ਮਿਲੇ । ਰਾਕੇਸ਼ ਕੁਮਾਰ ਭੀਮਸੈਣ ਵਲੋਂ 18 ਕਲੋਨੀਆਂ ਕੱਟੀਆਂ ਗਈਆਂ ਪਰ ਕੋਈ ਕਾਰਵਾਈ ਨਹੀਂ ਹੋਈ । ਸੁਭਾਣਾ ਤੋਂ 120 ਫੁੱਟੀ ਰੋਡ ਵੱਲ ਦੋ ਦੁਕਾਨਾਂ ਤੋੜ ਦਿੱਤੀਆਂ ਗਈਆਂ ਪਰ ਉਸ ਜਗ੍ਹਾ ਤੇ ਨਜਾਇਜ਼ ਕਲੋਨੀ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ।

ਮੇਅਰ ਜੀ ਨੇ ਕਿਹਾ ਕਿ ਮੈਂ ਤੁਹਾਨੂੰ ਕਿਹਾ ਸੀ ਕਿ ਮੇਰੇ ਦਫ਼ਤਰ ਆਓ ਤਾਂ ਅਸੀਂ ਤੁਹਾਡੀਆਂ ਸਾਰੀਆਂ ਸ਼ਕਾਇਤਾਂ ਸਬੰਧੀ ਗੱਲ ਕਰੀਏ ਪਰ ਤੁਸੀਂ ਟਾਈਮ ਨਹੀਂ ਕੱਢਿਆ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ ਨੇ ਕਿਹਾ ਕਿ ਟੈਂਕੀ ਵਾਲਾ ਪਾਰਕ ਫੇਸ-1 ਵਿੱਚ ਸਮਾਰਟ ਪਾਰਕ ਦਾ ਕੰਮ ਸ਼ੁਰੂ ਹੋਇਆ ਸੀ ਤਾਂ ਉਥੇ ਡਰੇਨ ਵਿੱਚ ਇੱਕ ਬੱਚਾ ਡਿਗ ਗਿਆ ਸੀ । ਬਚਾਓ ਤਾਂ ਹੋ ਗਿਆ ਸੀ ਪਰ ਕੰਮ ਬਹੁਤ ਢਿੱਲਾ ਚਲ ਰਿਹਾ ਹੈ।ਇਸ ਤੇ ਮੇਅਰ ਜੀ ਨੇ ਕਿਹਾ ਕਿ ਤੁਸੀਂ ਪਹਿਲਾਂ ਦਫ਼ਤਰ ਆ ਕੇ ਗੱਲ ਕਿਉਂ ਨਹੀਂ ਕਰਦੇ ।ਸਿਰਫ ਮੀਟਿੰਗ ਵਿੱਚ ਹੀ ਕਿਉਂ ਗੱਲ ਕਰਦੇ ਹੋ ।

ਕਮਿਸ਼ਨਰ ਜੀ ਨੇ ਕਿਹਾ ਕਿ ਅਸੀਂ ਡਰੇਨ ਭਰਵਾ ਕੇ ਕੰਮ ਸ਼ੁਰੂ ਕਰਵਾ ਦਿੱਤਾ ਹੈ ।

ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2021

ਮਤਾ ਨੰਬਰ:-1

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 1.12.2020 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 1.12.2020 ਨੂੰ " ਰੈਡ ਕਰਾਸ ਭਵਨ, ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2021

ਮਤਾ ਨੰਬਰ:-2

ਵਿਸ਼ਾ:- ਗੜ੍ਹਾ ਰੋਡ-ਨਕੋਦਰ ਰੇਲਵੇ ਲਾਈਨ ਫਾਟਕ ਤੋਂ ਚੱਲਦੇ ਹੋਏ ਪਿਮਸ ਹਸਪਤਾਲ ਤੱਕ ਜਾਂਦੀ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ।

ਪੜ੍ਹਿਆ ਦਫਤਰੀ ਨੋਟ ਡਰਾਇੰਗ ਸ਼ਾਖਾ ਜਿਸ ਤੇ ਮਿਉਂਸਪਲ ਟਾਊਨ ਪਲੈਨਰ ਨੇ ਮਿਤੀ 1.11.2020 ਨੂੰ ਸ਼ਿਫਾਰਸ਼ ਕੀਤੀ ਹੈ ਕਿ ਜਿਸ ਨਾਲ ਸੰਯੁਕਤ ਕਮਿਸ਼ਨਰ (ਹ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਇਲਾਕਾ ਕੌਂਸਲਰ ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਵਾਰਡ ਨੰ: 21 ਨੇ ਬੇਨਤੀ ਪੱਤਰ ਦਿੱਤਾ ਹੈ ਕਿ ਗੜ੍ਹਾ ਰੋਡ- ਨਕੋਦਰ ਰੇਲਵੇ ਲਾਈਨ ਫਾਟਕਾਂ ਤੋਂ ਚੱਲਦੇ ਹੋਏ ਪਿਮਸ ਹਸਪਤਾਲ ਤੱਕ ਜਾਂਦੀ ਸੜਕ ਉਪਰ ਪੈਂਦੀਆਂ ਦੁਕਾਨਾਂ ਅਤੇ ਘਰਾਂ ਦੇ ਲੋਕਾਂ ਵਲੋਂ ਨਗਰ ਨਿਗਮ ਨੂੰ ਬਹੁਤ ਵਾਰ ਬੇਨਤੀ ਕੀਤੀ ਗਈ ਹੈ ਕਿ ਇਸ ਰੋਡ ਉਪਰ ਪੈਂਦੀਆਂ ਸਾਰੀਆਂ ਪ੍ਰਾਪਰਟੀਆਂ ਲਗਭੱਗ ਕਾਰੋਬਾਰੀ ਵਿਕਸਿਤ ਹੋ ਚੁੱਕੀਆਂ ਹਨ। ਲੋਕਾਂ ਵਲੋਂ ਇਸ ਤਰ੍ਹਾਂ ਦੀਆਂ ਬਿਨ੍ਹਾਂ ਸੀ.ਐਲ.ਯੂ. ਦੇ ਆਦਰੇ ਚਲਾਉਣ ਨਾਲ ਨਗਰ ਨਿਗਮ ਨੂੰ ਕੋਈ ਵੀ ਵਿੱਤੀ ਲਾਭ ਨਹੀਂ ਹੋ ਰਿਹਾ ਹੈ। ਇਸ ਲਈ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਕ੍ਰਿਪਾਲਤਾ ਕੀਤੀ ਜਾਵੇ। ਇਸ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਨਾਲ ਜਿਥੇ ਇਕ ਪਾਸੇ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ, ਦੂਸਰੇ ਪਾਸੇ ਅਣ-ਅਧਿਕਾਰਤ ਉਸਾਰੀਆਂ ਨੂੰ ਵੀ ਰੋਕ ਲੱਗੇਗੀ। ਕਿਰਪਾ ਕਰਕੇ ਇਸ ਤਜਵੀਜ ਨੂੰ ਮਤੇ ਦੇ ਰੂਪ ਵਿਚ ਪਾਸ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।ਇਸ ਤਜਵੀਜ ਨਾਲ ਕਮਿਸ਼ਨਰ ਜੀ ਨੇ ਮਿਤੀ 3.12.2020 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 3.12.2020 ਰਾਹੀ ਉਪਰੋਕਤ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-3

ਵਿਸ਼ਾ :- ਲਿੰਕ ਰੋਡ ਤੋਂ ਕੂਲ ਰੋਡ ਨੂੰ ਜਾਂਦੇ ਹੋਏ ਨਕੋਦਰ ਰੇਲਵੇ ਲਾਈਨ ਤੱਕ (120 ਫੁੱਟ ਰੋਡ ਤੱਕ) ਜਿਸ ਵਿੱਚ ਮਾਸਟਰ ਮੋਤਾ ਸਿੰਘ ਨਗਰ ਦੇ ਪਲਾਟ ਨੰ: 275 ਤੋਂ ਲੈ ਕੇ ਕਿਡਨੀ ਹਸਪਤਾਲ ਦੇ ਖੱਬੇ ਹੱਥ ਵਾਲੀ ਸਾਈਡ ਅਤੇ ਕਿਡਨੀ ਹਸਪਤਾਲ ਤੋਂ ਲੈ ਕੇ 120 ਫੁੱਟੀ ਰੋਡ ਤੱਕ ਦੀਆਂ ਦੋਨੋਂ ਸਾਈਡਾਂ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ।

ਹਵਾਲਾ :- ਪੱਤਰ ਨੰ: ਪੀ.ਏ/303 ਮਿਤੀ : 28.01.2020, ਸੀ/348/ਮੇਅਰ ਮਿਤੀ : 28.01.2020, 780/ਜੇ.ਸੀ./.ਐਚ
ਮਿਤੀ : 30.01.2020, ਅਤੇ 3430/ਐਮ.ਟੀ.ਪੀ. ਮਿਤੀ : 04.02.2020 ਦੇ ਸਬੰਧ ਵਿੱਚ।

ਪੜ੍ਹਿਆ ਨੋਟ ਮਿਉਂਸੀਪਲ ਟਾਊਨ ਪਲੈਨਰ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਤਹਿਤ ਦੱਸਿਆ ਜਾਂਦਾ ਹੈ ਕਿ ਲਿੰਕ ਰੋਡ ਤੋਂ ਕੂਲ ਰੋਡ ਨੂੰ ਜਾਂਦੇ ਹੋਏ ਨਕੋਦਰ ਰੇਲਵੇ ਲਾਈਨ ਤੱਕ (120 ਫੁੱਟ ਰੋਡ ਤੱਕ) ਜਿਸ ਵਿੱਚ ਮਾਸਟਰ ਮੋਤਾ ਸਿੰਘ ਨਗਰ ਦੇ ਪਲਾਂਟ ਨੰ: 275 ਤੋਂ ਲੈ ਕੇ ਕਿਡਨੀ ਹਸਪਤਾਲ ਦੇ ਖੱਬੇ ਹੱਥ ਵਾਲੀ ਸਾਈਡ ਅਤੇ ਕਿਡਨੀ ਹਸਪਤਾਲ ਤੋਂ ਲੈ ਕੇ 120 ਫੁੱਟੀ ਰੋਡ ਤੱਕ ਦੀਆਂ ਦੋਨੋ ਸਾਈਡਾਂ ਨੂੰ ਕਾਰੋਬਾਰੀ ਘੋਸ਼ਿਤ ਕਰਨ ਬਾਰੇ ਸ਼੍ਰੀ ਰੋਹਨ ਸਹਿਗਲ (ਕੌਂਸਲਰ ਵਾਰਡ ਨੰ: 26) ਅਤੇ ਸ਼੍ਰੀ ਰਜਿੰਦਰ ਕੁਮਾਰ ਜੁਨੇਜਾ (ਕੌਂਸਲਰ ਵਾਰਡ ਨੰ: 24) ਜੀ ਵੱਲੋਂ ਇਸ ਦਫ਼ਤਰ ਵਿਖੇ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ।

ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਪਰਸ਼ੂਰਾਮ ਚੌਂਕ ਤੋਂ ਕਿਡਨੀ ਹਸਪਤਾਲ ਤੱਕ ਸੱਜੇ ਹੱਥ ਵਾਲੀ ਸਾਈਡ ਨੂੰ ਸਰਕਾਰ ਵੱਲੋ ਜ਼ੋ ਸਾਲ 2006 ਵਿੱਚ 14 ਸੜ੍ਹਕਾਂ ਕਾਰੋਬਾਰੀ ਘੋਸ਼ਿਤ ਕੀਤੀਆਂ ਸਨ, ਉਸ ਵਿੱਚ ਇਹ ਸੜ੍ਹਕ ਪਹਿਲਾ ਹੀ ਕਾਰੋਬਾਰੀ ਘੋਸ਼ਿਤ ਹੈ। ਹੁਣ ਇਸ ਸੜ੍ਹਕ ਦਾ ਖੱਬੇ ਹੱਥ ਵਾਲੀ ਸਾਈਡ ਮਾਸਟਰ ਮੋਤਾ ਸਿੰਘ ਨਗਰ ਦੇ ਪਲਾਂਟ ਨੰ: 275 ਤੋਂ ਲੈ ਕੇ ਕਿਡਨੀ ਹਸਪਤਾਲ ਦੇ ਸਾਹਮਣੇ ਵਾਲੇ ਪਾਸੇ ਤੱਕ ਕਾਰੋਬਾਰੀ ਘੋਸ਼ਿਤ ਕੀਤਾ ਜਾਣਾ ਹੈ ਅਤੇ ਇਸ ਤੋਂ ਇਲਾਵਾ ਕਿਡਨੀ ਹਸਪਤਾਲ ਤੋਂ ਲੈ ਕੇ 120 ਫੁੱਟੀ ਰੋਡ ਤੱਕ ਦੀਆਂ ਦੋਨੋ ਸਾਈਡਾ ਨੂੰ ਕਾਰੋਬਾਰੀ ਘੋਸ਼ਿਤ ਕੀਤਾ ਜਾਣਾ ਹੈ। ਜੇਕਰ ਵਿਸ਼ੇ ਅਧੀਨ ਸੜ੍ਹਕਾ ਨੂੰ ਕਾਰੋਬਾਰੀ ਘੋਸ਼ਿਤ ਕਰ ਦਿੱਤਾ ਜਾਦਾਂ ਹੈ ਤਾਂ ਇਸ ਨਾਲ ਨਗਰ ਨਿਗਮ ਜਲੰਧਰ ਨੂੰ ਕਾਫੀ ਲਾਭ ਹੋਵੇਗਾ।

ਉਪਰੋਕਤ ਰਿਪੋਰਟ ਵਿੱਚ ਦਰਸਾਏ ਗਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਵਿਸ਼ੇ ਅਧੀਨ ਸੜ੍ਹਕਾ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ਲੋੜੀਂਦਾ ਮਤਾ ਨਗਰ ਨਿਗਮ, ਜਲੰਧਰ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੈ। ਇਸ ਲਈ ਇਨ੍ਹਾਂ ਸੜ੍ਹਕਾ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਮਤਾ ਨਗਰ ਨਿਗਮ ਹਾਊਸ ਦੀ ਭਵਿੱਖ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਪੁੱਟਅੱਪ ਕਰਨ ਲਈ ਇਹ ਰਿਪੋਰਟ ਮਾਣਯੋਗ ਕਮਿਸ਼ਨਰ ਜੀ ਤੋਂ ਪ੍ਰਵਾਨਗੀ ਲੈਣ ਲਈ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ : 19.03.2020 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 21.03.2020 ਰਾਹੀ ਉਪਰੋਕਤ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2021

ਮਤਾ ਨੰਬਰ:-4
ਵਿਸ਼ਾ:- ਵਰਿਆਣਾ ਡੰਪ ਵਿਖੇ **ESA** ਦੀ **Study** ਕਰਵਾਉਣ ਸਬੰਧੀ ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 24.12.2020 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਕੀਤੀ ਹੈ ਕਿ PPCB ਦੀਆਂ ਹਦਾਇਤਾਂ ਅਨੁਸਾਰ ਨਗਰ ਨਿਗਮ ਜਲੰਧਰ ਵਲੋਂ ਵਰਿਆਣਾ ਡੰਪ ਵਿਖੇ **ESA** ਦੀ **Study** ਕਰਵਾਈ ਜਾਣੀ ਹੈ। ਇਹ ਇਕ ਅਤੀ ਜਰੂਰੀ ਕੰਮ ਹੈ। ਇਸ ਕੰਮ ਲਈ ਨਗਰ ਨਿਗਮ ਜਲੰਧਰ ਵਲੋਂ ਪਹਿਲਾਂ ਵੀ ਉਪਰਾਲੇ ਕੀਤੇ ਗਏ ਸਨ। ਇਸ ਬਾਰੇ PPCB ਦੀ ਹਦਾਇਤ ਅਨੁਸਾਰ ਐਨ.ਆਈ.ਟੀ. ਜਲੰਧਰ ਨੂੰ ਲਿਖਿਆ ਗਿਆ ਸੀ ਪਰ ਉਹਨਾਂ ਵਲੋਂ ਵੀ ਇਸ ਕੰਮ ਲਈ ਸਹੂਲਤਾਂ ਨਾ ਹੋਣ ਕਾਰਨ ਮਨ੍ਹਾ ਕਰ ਦਿੱਤਾ ਗਿਆ ਸੀ। ਇਸ ਸਬੰਧੀ ਅਖਬਾਰ ਵਿਚ ਈ.ਓ.ਆਈ. ਲਗਾਇਆ ਸੀ ਅਤੇ ਸਿਰਫ ਇਕ ਕੰਪਨੀ ਦੇ ਆਉਣ ਕਾਰਨ ਉਸ ਵਲੋਂ ਵੀ ਇਹ ਕੰਮ ਨਹੀਂ ਕਰਵਾਇਆ ਗਿਆ ਸੀ। ਇਸ ਕੰਮ ਲਈ ਆਈ.ਆਈ.ਟੀ. ਰੋਪੜ ਨੂੰ ਬੇਨਤੀ ਕੀਤੀ ਗਈ ਸੀ। ਇਸ ਸਬੰਧੀ ਸਰਕਾਰੀ Indian Institute of Technology Ropar (Dr.L.Vijay Anand) Assistant Professor (Environmental Engg.) ਵਲੋਂ ESA ਦੀ Study ਕਰਵਾਈ ਜਾਣੀ ਹੈ ਜ਼ੋ ਕਿ ਹੇਠ ਲਿਖੇ ਅਨੁਾਰ ਕਰਵਾਏ ਜਾਣੇ ਹਨ:-

1. Collection of all relevant data (Present and Past from the client)
2. Collection of geological and meteorological data.
3. Conduct Well elevation survey using Differential (Global Positioning system)
4. Conduct soil boring at 10 locations to 3 m depth.
5. Conduct soil gas survey
6. Groundwater flow modeling :
    a. Groundwater flow direction in the proposed area.
    b. Contaminant migration from the site and rate of movement (using the flow model developed in 6a).
7. Analysis soil sample collected from 1 m depth or 2m or 3m depth.
8. Collect ground water samples from existing bore wells
9. Analysis of soil and water samples for contaminants (Major ions, heavy metals, pesticides, etc.)
10. Interpretation of results and
11. Submission of report.

ਇਸ ਕੰਮ ਲਈ ਸਰਕਾਰੀ Indian Institute of Technology Ropar ਵਲੋਂ 27,31,000/- ਰੁਪਏ ਦੇ ਖਰਚੇ ਦੀ ਮੰਗ ਕੀਤੀ ਗਈ ਹੈ। ਇਸ ਕੰਮ ਨੂੰ ਅਤੀ ਜਰੂਰੀ ਸਮਝਦੇ ਹੋਏ ਰੁਪਏ 27,31,000/- ਦੇ ਖਰਚੇ ਲਈ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਲੋੜੀਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 29.12.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 5.1.2021 ਰਾਹੀਂ ਇਸ ਖਰਚੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2021

ਮਤਾ ਨੰਬਰ:-5

ਵਿਸ਼ਾ:- ਮੁਹੱਲਾ ਅਬਾਦਪੁਰਾ ਦੀ ਮੇਨ ਸੜਕ ਦਾ ਨਾਮ ਸਰਕਾਰ ਸਵਰਨ ਸਿੰਘ ਮਾਰਗ ਰੱਖਣ ਬਾਰੇ ।

ਤਜਵੀਜ ਸ੍ਰੀ ਸੁੱਚਾ ਸਿੰਘ, ਕੌਂਸਲਰ ਵਾਰਡ ਨੰ: 32 ਜਿਸ ਦੀ ਪੁਸ਼ਟੀ ਸ੍ਰੀਮਤੀ ਜ਼ਸਲੀਨ ਕੌਰ ਸੇਠੀ, ਕੌਂਸਲਰ ਵਾਰਡ ਨੰ: 20 ਅਤੇ ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ. ਜਲੰਧਰ ਸੈਂਟਰਲ ਅਤੇ ਸਮੂਹ ਇਲਾਕਾ ਨਿਵਾਸੀ ਸਾਂਝਾ ਸਮਾਜ ਵੈਲਫੇਅਰ ਸੋਸਾਇਟੀ (ਰਜਿ.) ਅਬਾਦਪੁਰਾ, ਜਲੰਧਰ ਨੇ ਕੀਤੀ ਹੈ ਕਿ ਸਰਦਾਰ ਸਵਰਨ ਸਿੰਘ ਪੂਰਵ ਕੌਂਸਲਰ ਆਪਣੀ ਪੂਰੀ ਜਿੰਦਗੀ ਅਤੇ ਲਗਨ ਅਤੇ ਮੇਹਨਤ ਦੇ ਨਾਲ ਸਮਾਜ ਦੀ ਸੇਵਾ ਕੀਤੀ ਹੈ। ਉਨ੍ਹਾਂ ਨੇ ਲੋਕਾਂ ਲਈ ਸਮਾਜਿਕ ਅਤੇ ਭਲਾਈ ਦੇ ਬਹੁਤ ਕੰਮ ਕੀਤੇ ਹਨ। ਇਸ ਏਰੀਏ ਦੇ ਉਹ ਕੌਂਸਲਰ ਵੀ ਰਹੇ ਹਨ। ਇਸ ਲਈ ਉਨ੍ਹਾਂ ਦੇ ਕੰਮਾਂ ਨੂੰ ਵੇਖਦੇ ਹੋਏ ਇਲਾਕਾ ਨਿਵਾਸੀਆਂ ਦੀ ਮੰਗ ਦੇ ਅਨੁਸਾਰ ਮੇਨ ਰੋਡ ਅਬਾਦਪੁਰਾ ਸੜਕ ਦਾ ਨਾਮ ਸਵਰਨ ਸਿੰਘ ਮਾਰਗ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.12.2020 ਰਾਹੀ ਉਪਰੋਕਤ ਤਜਵੀਜ ਮਾਣਯੋਗ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-6

ਵਿਸ਼ਾ :- ਸਵਰਗਵਾਸੀ ਸ਼੍ਰੀ ਯਸ਼ ਪਾਲ ਡਾਲੀਆ (Late Shri Yash Pal Dalia) ਦੀ ਯਾਦ ਵਿੱਚ 120 ਫੁੱਟੀ ਰੋਡ, ਨੇੜੇ ਨਰੂਲਾ ਪੈਲੇਸ, ਦਿਲਬਾਗ ਨਗਰ, ਬਸਤੀ ਗੁਜਾਂ, ਜਲੰਧਰ ਦੇ ਨਜਦੀਕ ਚੋਕ ਸਵ: ਯਸ਼ਪਾਲ ਡਾਲੀਆ ਦੇ ਨਾਮ ਤੇ ਬਣਾਉਣ ਸਬੰਧੀ।

ਤਜਵੀਜ਼ ਵੱਲੋ ਸ੍ਰੀਮਤੀ ਸੁਨੀਤਾ ਰਿੰਕੂ, ਕੋਂਸਲਰ, ਵਾਰਡ ਨੰ: 42 ਜਿਸ ਦੀ ਪੁਸ਼ਟੀ ਮਾਣਯੋਗ ਐਮ.ਐਲ.ਏ. ਸ਼੍ਰੀ ਸੁਸ਼ੀਲ ਕੁਮਾਰ ਰਿੰਕੂ ਜੀ, ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ ਵਾਰਡ ਨੰ: 75, ਸ਼੍ਰੀ ਮਦਨ ਲਾਲ ਖਿੰਦਰ, ਕੌਂਸਲਰ ਵਾਰਡ ਨੰ: 74 ਅਤੇ ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਵਾਰਡ ਨੰ: 45 ਨੇ ਕੀਤੀ ਹੈ ਕਿ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਅਸੀ ਸਮੂਹ ਮੁਹੱਲਾ ਨਿਵਾਸੀ ਦਿਲਬਾਗ ਨਗਰ ਅਤੇ ਆਸ ਪਾਸ ਦੇ ਨਗਰ ਨਿਵਾਸੀ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ :-

1) ਇਹ ਕਿ ਸਵ: ਸ਼੍ਰੀ ਯਸ਼ਪਾਲ ਡਾਲੀਆ ਜ਼ੋ ਕਿ ਇਸ ਇਲਾਕੇ ਵਿੱਚ ਇੱਕ ਬਹੁਤ ਹੀ ਨੇਕ ਅਤੇ ਸਮਾਜ ਸੁਧਾਰ ਵਿਅੱਕਤੀ ਹੋਏ ਹਨ। ਜਿਹਨਾਂ ਨੇ ਗਰੀਬ, ਬਿਮਾਰ, ਜਰੂਰਤਮੰਦ ਲੋਕਾ ਦੇ ਭਲੇ ਵਾਸਤੇ ਅਨੇਕਾ ਹੀ ਕੰਮ ਕੀਤੇ। ਇਸ ਤੋਂ ਇਲਾਵਾ ਸਵ: ਯਸ਼ ਪਾਲ ਡਾਲੀਆਂ ਜੀ ਨੇ ਨੌਜਵਾਨਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਨਸ਼ਿਆਂ ਤੋ ਦੂਰ ਰਹਿਣ ਵਾਸਤੇ ਅਨੇਕਾ ਹੀ ਖੇਡਾ ਦੇ ਟੂਰਨਾਮੈਂਟ ਕਰਵਾਏ, ਇਸ ਸਬੰਧ ਵਿੱਚ ਸਵ: ਯਸ਼ਪਾਲ ਡਾਲੀਆ ਜੀ ਨੇ ਖਿਡਾਰੀਆਂ ਨੂੰ ਆਪਣੇ ਪੱਧਰ ਤੇ ਬਹੁਤ ਹੀ ਸਮਾਨ ਜਿਵੇ ਕਿ ਕ੍ਰਿਕਟ ਦੇ ਟੂਰਨਾਮੈਂਟ ਦਾ ਸਮਾਨ, ਹਾਕੀ ਟੂਰਨਾਮੈਂਟ ਦਾ ਸਮਾਨ, ਬਾਲੀਬਾਲ ਦਾ ਸਮਾਨ, ਫੁੱਟਬਾਲ ਦਾ ਸਮਾਨ, ਆਦਿ ਦਿੰਦੇ ਸਨ ਅਤੇ ਇਸ ਤੋਂ ਇਲਾਵਾ ਚੰਗੇ ਖਿਡਾਰੀਆਂ ਨੂੰ ਉਤਸ਼ਾਹ ਕਰਨ ਵਾਸਤੇ ਉਹਨਾਂ ਨੂੰ ਚੰਗਾ ਇਨਾਮ, ਵਿੱਤੀ ਮਦਦ ਕਰਦੇ ਸਨ। ਜਿਸ ਕਾਰਨ ਇਨ੍ਹਾਂ ਦਾ ਇਸ ਏਰੀਆ ਵਿੱਚ ਬਹੁਤ ਮਾਣ ਇੱਜਤ ਕੀਤਾ ਜਾਦਾਂ ਸੀ, ਅਜੇ ਵੀ ਜਦ ਕੋਈ ਟੂਰਨਾਮੈਂਟ ਹੁੰਦਾ ਹੈ ਕਿ ਕਈ ਸਿਆਣੇ ਲੋਕ ਅਤੇ ਬੁੱਧੀ ਜੀਵੀ ਲੋਕ ਉਹਨਾਂ ਨੂੰ ਯਾਦ ਕਰਦੇ ਹਨ।

2) ਇਸ ਲਈ ਇਹਨਾਂ ਤੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਇੱਕ ਸੂਝਵਾਨ ਅਤੇ ਸਮਾਜ ਸੇਵਕ ਵਿਅੱਕਤੀ ਦੇ ਨਾਮ ਤੇ (ਸਵ: ਯਸ਼ ਪਾਲ ਡਾਲੀਆ ਦੇ ਨਾਮ Late Shri Yash Pal Dalia) ਚੋਂਕ 120 ਫੁੱਟੀ ਰੋਡ ਨੇੜੇ ਨਰੂਲਾ ਪੈਲਸ, ਦਿਲਬਾਗ ਨਗਰ, ਬਸਤੀ ਗੁਜਾ, ਜਲੰਧਰ ਵਿੱਚ ਬਣਾਇਆ ਜਾਵੇ ਤਾਂ ਕਿ ਆਉਣ ਵਾਲੀ ਪੀੜੀ, ਖਿਡਾਰੀਆਂ ਨੂੰ ਇਸ ਸਬੰਧੀ ਪਤਾ ਲੱਗ ਸਕੇ ਕਿ ਇਹ ਵਿਆਕਤੀ ਸਵ: ਯਸ਼ਪਾਲ ਡਾਲੀਆ ਸਮਾਜ ਲਈ ਅਤੇ ਖਿਡਾਰੀਆਂ ਲਈ ਆਦਰਸ਼ ਸਨ।

ਇਸ ਲਈ ਮੇਹਰਬਾਨੀ ਕਰਕੇ ਸਵ: ਯਸ਼ਪਾਲ ਡਾਲੀਆ (Late Shri Yash Pal Dalia) ਦੇ ਨਾਮ ਤੇ ਚੋਕ 120 ਫੁੱਟੀ ਰੋਡ ਨੇੜੇ ਨਰੂਲਾ ਪੈਲੇਸ, ਦਿਲਬਾਗ ਨਗਰ, ਬਸਤੀ ਗੁੱਜਾ ਜਲੰਧਰ ਵਿਖੇ ਬਣਾਇਆ ਜਾਵੇ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.12.2020 ਰਾਹੀ ਉਪਰੋਕਤ ਤਜਵੀਜ ਮਾਣਯੋਗ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-7

ਵਿਸ਼ਾ :- ਜਲੰਧਰ ਨਗਰ ਨਿਗਮ ਦੀ ਹੱਦ ਵਿੱਚ ਵਿਗਿਆਪਨ ਦਾ ਠੇਕਾ 4 ਭਾਗਾਂ ਵਿੱਚ ਵੰਡ ਕੇ ਜਾਰੀ ਕਰਨ ਬਾਰੇ ਅਤੇ ਲੋੜੀਂਦੀਆਂ ਨੀਤੀ ਬਦਲਾਵ ਬਾਰੇ।

ਤਜਵੀਜ ਸ਼੍ਰੀਮਤੀ ਨੀਰਜਾ ਜੈਨ, ਕੌਂਲਸਰ ਵਾਰਡ ਨੰ: 23 ਚੇਅਰਮੈਨ ਵਿਗਿਆਪਨ ਕਮੇਟੀ ਜਿਸ ਦੀ ਪੁਸ਼ਟੀ ਸ਼੍ਰੀਮਤੀ ਸਰਬਜੀਤ ਕੌਰ ਕੌਂਸਲਰ ਵਾਰਡ ਨੰ: 25 ਅਤੇ ਸ੍ਰੀ ਮਨਮੋਹਣ ਸਿੰਘ, ਕੋਸਲਰ ਵਾਰਡ ਨੰ: 16 ਨੇ ਕੀਤੀ ਹੈ ਕਿ ਸਰਕਾਰ ਦੁਆਰਾ ਪੰਜਾਬ ਆਊਟਡੋਰ ਐਡਵਰਟਾਈਜ਼ਮੈਂਟ ਪਾਲਿਸੀ 2018 ਨੂੰ ਪ੍ਰਵਾਨ ਕਰਨ ਤੋਂ ਬਾਅਦ ਜਲੰਧਰ ਨਗਰ ਨਿਗਮ ਵੱਲੋ ਵਿਗਿਆਪਨ ਲਗਾਉਣ ਦਾ ਠੇਕਾ ਪਿਛਲੇ ਤਕਰੀਬਨ 15 ਸਾਲਾਂ ਤੋਂ 15-16 ਬਾਰ ਲਗਾਏ ਜਾਣ ਦੇ ਬਾਵਜੂਦ ਸਿਰੇ ਨਹੀਂ ਚੜ੍ਹਿਆ ਹੈ। ਇੱਥੇ ਖਾਸ ਤੋਰ ਤੇ ਧਿਆਨ ਦੇਣ ਯੋਗ ਗੱਲ ਹੈ ਕਿ ਆਖਿਰੀ ਲਗਾਏ ਗਏ ਟੈਂਡਰ ਵਿੱਚ ਨਿਰਧਾਰਿਤ ਕੀਮਤ ਨੂੰ ਨਾ ਕੇਵਲ ਅੱਧਾ ਕੀਤਾ ਗਿਆ ਬਲਕਿ ਉਸ ਦੇ ਨਾਲ ਹੀ ਵਿਗਿਆਪਨ ਬੋਰਡਾਂ ਦੀ ਸੰਖਿਆ ਨੂੰ ਵੀ ਦੂਣੀ ਕਰਕੇ ਦੇਖ ਲਿਆ ਗਿਆ ਹੈ। ਇੱਥੇ ਵਰਨਣਯੋਗ ਗੱਲ ਇਹ ਹੈ ਕਿ ਹਾਲ ਵਿੱਚ ਚੱਲ ਰਹੇ 59 ਯੂਨਿਪੋਲ ਦੇ ਟੈਂਡਰ ਵਿੱਚ ਪ੍ਰਾਪਤ ਹੋਈ ਕੀਮਤ ਤੋਂ ਵੀ ਥੱਲੇ ਜਾਣ ਦੇ ਬਾਵਜੂਦ ਇਹ ਟੈਂਡਰ ਸਿਰੇ ਨਹੀਂ ਚੜ੍ਹ ਰਿਹਾ ਹੈ।

ਸਮੇਂ ਸਮੇਂ ਤੇ ਕੀਤੀਆਂ ਗਈਆਂ ਮੀਟਿੰਗਾਂ ਵਿੱਚ ਵੱਖ-ਵੱਖ ਕੰਪਨੀਆਂ ਵੱਲੋ ਇਹ ਦੱਸਿਆ ਜਾਦਾਂ ਰਿਹਾ ਹੈ ਕਿ ਇਹ ਟੈਂਡਰ ਵੱਡਾ ਹੋਣ ਕਰਕੇ ਸਿਰੇ ਨਹੀਂ ਚੜਿਆ ਹੈ ਅਤੇ ਬਾਰ-ਬਾਰ ਇਹ ਮੰਗ ਰੱਖੀ ਗਈ ਹੈ ਕਿ ਇਸ ਟੈਂਡਰ ਨੂੰ ਭਾਗਾਂ ਵਿੱਚ ਵੰਡ ਕੇ ਜਾਰੀ ਕੀਤਾ ਜਾਵੇ ਜਿਸ ਨਾਲ ਨਾ ਕੇਵਲ ਇਹ ਨਿਗਮ ਦੀ ਆਮਦਨ ਵਧਾਏਗਾ ਬਲਕਿ Monopoly ਵੀ ਨਹੀਂ ਹੋਣ ਦੇਵੇਗਾ।

ਪਾਲਸੀ ਬਣਨ ਤੋਂ ਬਾਅਦ 2018 ਵਿੱਚ ਡਾਇਰੈਕਟਰ ਸਥਾਨਕ ਸਰਕਾਰ ਵੱਲੋ ਇੱਕ ਪੱਤਰ ਨੰ: ਸੀ.ਟੀ.ਪੀ. (ਸਸ) 2018-3811 ਵਿੱਚ ਟੈਂਡਰ ਲਗਾਉਣ ਵਾਸਤੇ ਆਮ ਸ਼ਰਤਾ ਦਾ ਇੱਕ ਡਰਾਫਟ ਭੇਜਿਆ ਗਿਆ ਸੀ ਜਿਸ ਵਿੱਚ 1 City 1 Tender/ Partner ਦਾ ਵੀ ਜਿਕਰ ਸੀ। ਇੱਥੇ ਇਹ ਦੱਸਿਆ ਜਾਣਾ ਬਹੁਤ ਜਰੂਰੀ ਹੈ ਕਿ ਗਜ਼ਟ ਕੀਤੀ ਗਈ ਆਊਟਡੋਰ ਐਡਵਰਟਾਈਜ਼ਮੈਂਟ ਪਾਲਸੀ 2018 ਵਿੱਚ 1 City 1 Partner ਦਾ ਕੋਈ ਵੀ ਵੇਰਵਾ ਨਹੀਂ ਦਿੱਤਾ ਗਿਆ ਹੈ। ਜਦ ਕਿ ਐਡਵਰਟਾਈਜ਼ਮੈਂਟ ਪਾਲਿਸੀ 2018 ਵਿੱਚ ਇਹ ਸਹੂਲੀਅਤ ਵੀ ਦਿੱਤੀ ਗਈ ਹੈ ਕਿ ਲੋੜ ਮੁਤਾਬਕ ਇਸ ਪਾਲਿਸੀ ਵਿੱਚ ਬਦਲਾਵ ਕਰਨ ਵਾਸਤੇ ਸਬੰਧਤ ਨਗਰ ਨਿਗਮ ਦੇ ਕਮਿਸ਼ਨਰ ਵੱਲੋਂ ਸਰਕਾਰ ਨੂੰ ਲਿਖਿਆ ਜਾ ਸਕਦਾ ਹੈ। ਇਸ ਕਰਕੇ 1 City 1 Tender ਨੂੰ ਬਦਲ ਕੇ 4 ਭਾਗਾਂ ਵਿੱਚ ਵੰਡਣ ਵਾਸਤੇ ਕਿਹਾ ਜਾ ਸਕਦਾ ਹੈ ਅਤੇ ਠੇਕੇ ਨੂੰ 4 ਭਾਗਾਂ ਵਿੱਚ ਵੰਡਣ ਲਈ ਹਾਊਸ ਦੀ ਪ੍ਰਵਾਨਗੀ ਦੀ ਲੋੜ ਹੈ।ਤਜਵੀਜ਼ ਮਾਨਯੋਗ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.12.2020 ਰਾਹੀ ਉਪਰੋਕਤ ਤਜਵੀਜ ਮਾਣਯੋਗ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜੋ ਵਨ ਸਿਟੀ ਵਨ ਟੈਂਡਰ ਤਹਿਤ ਹੁਣ ਤੱਕ 15 ਵਾਰ ਤੋਂ ਵੱਧ ਵਾਰੀ ਲਈ ਟੈਂਡਰ ਮੰਗੇ ਗਏ ਪਰ ਸਿਰੇ ਨਹੀਂ ਚੜ੍ਹੇ ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ। ਇਸ ਲਈ ਹਾਊਸ ਪ੍ਰਵਾਨ ਕਰਦਾ ਹੈ ਕਿ ਇਹ ਟੈਂਡਰ ਸ਼ਹਿਰ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਲਗਾਇਆ ਜਾਵੇ ਤਾਂ ਜੋ ਨਗਰ ਨਿਗਮ ਨੂੰ ਆਮਦਨ ਹੋ ਸਕੇ ।ਇਸੇ ਦੌਰਾਣ ਸ੍ਰੀਮਤੀ ਨੀਰਜਾ ਜੈਨ, ਚੇਅਰਮੈਨ ਵਿਗਿਆਪਣ ਐਡਹਾਕ ਕਮੇਟੀ, ਸਰਵਸ੍ਰੀ ਮਨਮੋਹਨ ਸਿੰਘ ਰਾਜੂ, ਸ਼ਵੇਤਾ ਧੀਰ ਅਤੇ ਸਰਬਜੀਤ ਕੌਰ, ਕੌਂਸਲਰਾਂ ਨੇ ਕਿਹਾ ਕਿ ਪਹਿਲਾਂ ਜਿਹੜਾ ਕਰਿਏਟਿਵ ਐਂਟਰਪ੍ਰਾਇਜ਼ਜ਼ ਨੂੰ 59 ਯੂਨੀਪੋਲਾਂ ਦਾ ਠੇਕਾ ਦਿੱਤਾ ਹੋਇਆ ਹੈ ਉਸ ਵਿੱਚ ਕਾਫੀ ਧਾਂਧਲੀ ਹੈ । ਐਗਰੀਮੈਂਟ ਮੁਤਾਬਕ ਯੂਨੀਪੋਲ ਉਚਿਤ ਦੂਰੀ ਤੇ ਨਹੀਂ ਲੱਗੇ ਹੋਏ । ਜਿਨ੍ਹਾਂ ਚੋਂਕਾਂ ਵਿੱਚ ਇਹ ਯੂਨੀਪੋਲਜ਼ ਨਹੀਂ ਲੱਗ ਸਕਦੇ ਉਹਨਾਂ ਚੋਂਕਾਂ ਵਿੱਚ ਵੀ ਇਹ ਯੂਨੀਪੋਲ ਲੱਗੇ ਹੋਏ ਹਨ । ਠੇਕੇਦਾਰ ਨੂੰ ਜੁਰਮਾਨਾ ਵੀ ਲਗਾਇਆ ਗਿਆ ਸੀ ਪਰ ਉਸਨੇ ਯੂਨੀਪੋਲ ਨਹੀਂ ਉਤਾਰੇ । ਕਮੇਟੀ ਦੀਆਂ ਮੀਟਿੰਗਾਂ ਨਹੀਂ ਕਰਵਾਈਆਂ ਜਾ ਰਹੀਆਂ । ਜਿਸ ਤੇ ਮੇਅਰ ਜੀ ਨੇ ਕਿਹਾ ਕਿ ਉਹ ਜਲਦ ਇਸ ਦੀ ਇਨਕੁਆਰੀ ਲਈ special ਮੀਟਿੰਗ ਕਰਨਗੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-8

ਵਿਸ਼ਾ:- ਨਵਾਂ ਸੀ.ਐਸ.ਆਰ ਲਾਗੂ ਹੋਣ ਕਾਰਨ ਰਿਵਾਇਜਡ ਤਖਮੀਨਿਆਂ ਦੀ ਅਪਰੂਵਲ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਲਈ।

ਪੜ੍ਹਿਆ ਦਫਤਰੀ ਨੋਟ ਟੈਂਡਰ ਸੈਲ (ਬੀ.ਐਂਡ ਆਰ.) ਜਿਸ ਦੀ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਸ਼ਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਦੇ ਮਾਨਯੋਗ ਹਾਊਸ ਵਲੋਂ ਵੱਖ-ਵੱਖ ਮਤਿਆਂ ਰਾਹੀਂ ਕੰਮ ਪਾਸ ਕੀਤੇ ਗਏ ਹਨ ਜਾਂ ਐਨਟੀਸੀਪੇਸ਼ਨ ਅਪਰੂਵਲ ਦਿੱਤੀ ਗਈ ਹੈ। ਇਹਨ੍ਹਾਂ ਕੰਮਾਂ ਦੇ ਮਾਨਯੋਗ ਐਮ.ਐਲ.ਏ ਹਲਕਾ ਸੈਂਟਰਲ ਵਲੋਂ ਟੈਂਡਰ ਲਗਾਉਣ ਲਈ ਕਿਹਾ ਗਿਆ ਹੈ। ਮਿਤੀ 24.08.2020 ਨੂੰ ਨਵਾਂ ਸੀ.ਐਸ.ਆਰ ਆਉਣ ਕਰਕੇ ਇਹਨ੍ਹਾਂ ਕੰਮਾਂ ਦੇ ਰੇਟ ਰਿਵਾਇਜਡ ਕੀਤੇ ਗਏ ਹਨ। ਜੋ ਕਿ 25% ਦੀ ਵੈਰੀਏਸ਼ਨ ਤੋਂ ਘੱਟ ਹਨ। ਇਹਨ੍ਹਾਂ ਸੋਧੇ ਹੋਏ ਤਖਮੀਨਿਆਂ ਦੀ ਰਕਮ ਨੂੰ ਹੇਠਾਂ ਟੇਬਲ ਵਿੱਚ ਦਰਸਾਇਆ ਗਿਆ ਹੈ ਜੋ 25% ਵੈਰੀਏਸ਼ਨ ਤੋਂ ਘੱਟ ਹਨ:-

Sr. No.	W. no	Name of work	Estimate amount in (lac)	House Reso No. & Date	Revised Amount in lac (As per C.S.R.)
1	20	P/F of bench in varios park in ward no 20	0.94	142(38) 24.12.19	0.94
2	20	P/L of sdbc on the link road near lic office	2.31	142(35) 24.12.19	2.56
3	67	P/L of BM PC on road at Banda Bahadur Nager Gurdwara w no 67	1.82	100(21) 29.11.19	1.88
4	52	P/L of CC in Gurudwara Wali Street and Kabariyan Mohalla	2.94	..	3.31
5	10	Laying BM & PC on revenue road Arman Nagar.	50.00	100(17) 25.06.18	49.87
6	19	P/F interlocking tiles in the street of area in Master Tara Singh Nagar.	35.18	100(56) 25.06.18	39.21
7	17	P/F interlocking tiles in area Thakur Singh Colony, Bashirpura.	32.85	142(29) 24.12.19	34.60
8	14	P/L interlocking tiles in Mohalla Guru Nanak Pura West.	39.91	100(32) 25.06.18	46.60
9	9	P/F interlocking tiles thick in thew streets of Beant Nagar.	16.82	100(9) 25.06.18	20.77
10	12	P/F interlocking tiles 80mm in village Dakoha.	36.89	100(27) 25.06.18	37.30
11	76	Const of CC Streets at Katera Mohalla	20.65	99(90) 25.06.18	24.23
12	76	Const.of road upto WBM and Laying BM & PC from Ex.Councillor Iqbal Singh House Wariyana Dump Road.	19.59	99(91) 25.06.18	21.83

ਇਹਨ੍ਹਾਂ ਕੰਮਾਂ ਦੇ ਸੋਧਿਆ ਤਖਮੀਨਿਆਂ ਦੀ ਰਕਮ ਦੀ ਮਾਨਯੋਗ ਹਾਊਸ ਤੋਂ ਐਨਟੀਸੀਪੇਸ਼ਨ ਅਪਰੂਵਲ ਲੋੜੀਂਦੀ ਹੈ ਅਤੇ ਇਹਨ੍ਹਾਂ ਕੰਮਾਂ ਦੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ । ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਵੱਖ-ਵੱਖ ਮਿਤੀਆਂ ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 15.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 15.12.2020 ਰਾਹੀਂ ਉਪਰੋਕਤ ਅਨੁਸਾਰ ਤਖਮੀਨੇ ਰਿਵਾਈਜਡ ਕਰਨ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਰਿਵਾਇਜ਼ਡ ਤਖਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-9

ਵਿਸ਼ਾ:- ਨਵਾਂ ਸੀ.ਐਸ.ਆਰ ਲਾਗੂ ਹੋਣ ਕਾਰਨ ਰਿਵਾਇਜਡ ਤਖਮੀਨਿਆਂ ਦੀ ਅਪਰੂਵਲ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਲਈ।

ਪੜ੍ਹਿਆ ਦਫਤਰੀ ਨੋਟ ਟੈਂਡਰ ਸੈਲ (ਬੀ.ਐਂਡ ਆਰ.) ਜਿਸ ਦੀ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਸਿ਼ਫਾਰਸ਼ ਕੀਤੀ ਹੈ ਕਿ ਨਗਰ ਨਿਗਮ ਦੇ ਮਾਨਯੋਗ ਹਾਊਸ ਵੱਲੋਂ ਵੱਖ-ਵੱਖ ਮਤਿਆਂ ਰਾਹੀਂ ਕੰਮ ਪਾਸ ਕੀਤੇ ਗਏ ਹਨ ਜਾਂ ਐਨਟੀਸੀਪੇਸ਼ਨ ਅਪਰੂਵਲ ਦਿੱਤੀ ਗਈ ਹੈ। ਇਹਨਾਂ ਕੰਮਾਂ ਦੇ ਮਾਨਯੋਗ ਐਮ.ਐਲ.ਏ ਹਲਕਾ ਕੈਂਟ ਵੱਲੋਂ ਟੈਂਡਰ ਲਗਾਉਣ ਲਈ ਕਿਹਾ ਗਿਆ ਹੈ। ਮਿਤੀ:24.08.2020 ਨੂੰ ਨਵਾਂ ਸੀ.ਐਸ.ਆਰ ਆਉਣ ਕਰਕੇ ਇਹਨ੍ਹਾਂ ਕੰਮਾਂ ਦੇ ਰੇਟ ਰਿਵਾਇਜਡ ਕੀਤੇ ਗਏ ਹਨ ਜ਼ੋ ਕਿ 25% ਦੀ ਵੈਰੀਏਸ਼ਨ ਤੋਂ ਵੱਧ ਹਨ। ਇਹਨ੍ਹਾਂ ਸੋਧੇ ਹੋਏ ਤਖਮੀਨਿਆਂ ਦੀ ਰਕਮ ਨੂੰ ਹੇਠਾਂ ਟੇਬਲ ਵਿੱਚ ਦਰਸਾਇਆ ਗਿਆ ਹੈ ਜ਼ੋ 25% ਵੈਰੀਏਸ਼ਨ ਤੋਂ ਵੱਧ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Sr. No.	W. No.	Name of work	Est. Amt. (In Lacs)	House Reso. No.& Date	Revised Est. Amt. (in Lacs)
1	21	Repair and renovation of Shaheed Bhagat Singh park at Mota Singh Nagar.	1.48	98(5) 25.06.18	2.23
2	21	Repair and renovation park 1. Shaheed Udam Singh park, Mota Singh Nagar. Repair and renovation park 2. Mota Singh Nagar.	4.04	98(4) 25.06.18	6.14
3	26	Improvement of infrastructure.	6.88	142(47) 24.12.19	9.27
4	7	P/F Interlocking tiles in Kot Ram Dass	30.34	83(1) 29.11.19	38.93
5	9	P/L WBM, BM & PC on revenue road from Dhilwan road to Nangal Shama Dashmesh Nagar.	27.86	83(15) 29.11.19	37.67
6	13	P/F Interlocking tiles on the streets of Joginder Nagar, Shukla Pharmacy wali gali & Baba Budda ji Nagar.	31.49	100(32) 29.11.19	40.38
7	15	P/L RMC in Shegal Colony.	32.93	83(28) 29.11.19	44.72
8	18	Const. of cc streets in Prem Nagar.	17.43	100(49) 25.06.18	24.58
9	18	P/F Interlocking tiles in area Arjun Nagar.	11.15	100(2) 29.11.19	14.27
10	34	Const. of RMC streets in Bhargo Camp Back Side Aar Kay Dhaba.	16.57	100(23) 29.11.2019	21.43
11	36	Const. of CC streets in New Suraj Ganj adjoining Bhargo Camp	18.3	142(66) 24.12.2019	27.84
12	36	Maintenance and repair Budha Mall Park	5.58	142(64) 24.12.2019	7.28
13	37	Const. of Various RMC Street in Sant Nagar	13.13	100(27) 29.11.2019	18.32
14	37	Const. of RMC Steets in Sant Nagar Near Shiv Mandir.	18.11	100(28) 29.11.2019	24.1
15	42	Const. of RCC streets from Gurudwara Basti Adda to Ravi Juice	31.27	142(70) 24.12.2019	39.38
16	43	Construction of CC Street in Valmiki Mohalla	32.66	100(12) 29.11.2019	47.52
17	47	Const. of CC Streets at Harbans Nagar	26.64	83(45) 29.11.2019	36.86

ਇਹਨ੍ਹਾਂ ਕੰਮਾਂ ਦੇ ਸੋਧਿਆ ਤਖਮੀਨਿਆਂ ਦੀ ਰਕਮ ਦੀ ਮਾਨਯੋਗ ਹਾਊਸ ਤੋਂ ਐਨਟੀਸੀਪੇਸ਼ਨ ਅਪਰੂਵਲ ਲੋੜੀਂਦੀ ਹੈ ਅਤੇ ਇਹਨ੍ਹਾਂ ਕੰਮਾਂ ਦੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ । ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਵੱਖ-ਵੱਖ ਮਿਤੀਆਂ ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 15.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 15.12.2020 ਰਾਹੀਂ ਉਪਰੋਕਤ ਅਨੁਸਾਰ ਤਖਮੀਨੇ ਰਿਵਾਈਜਡ ਕਰਨ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਰਿਵਾਇਜ਼ਡ ਤਖਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-10

ਵਿਸ਼ਾ:- ਨਵਾਂ ਸੀ.ਐਸ.ਆਰ ਲਾਗੂ ਹੋਣ ਕਾਰਨ ਰਿਵਾਇਜਡ ਤਖਮੀਨਿਆਂ ਦੀ ਅਪਰੂਵਲ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਲਈ।

ਪੜ੍ਹਿਆ ਦਫਤਰੀ ਨੋਟ ਟੈਂਡਰ ਸੈਲ (ਬੀ.ਐਂਡ ਆਰ.) ਜਿਸ ਦੀ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਸ਼ਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਦੇ ਮਾਨਯੋਗ ਹਾਊਸ ਵਲੋਂ ਵੱਖ-ਵੱਖ ਮਤਿਆਂ ਰਾਹੀਂ ਕੰਮ ਪਾਸ ਕੀਤੇ ਗਏ ਹਨ।ਜਾਂ ਐਨਟੀਸੀਪੇਸ਼ਨ ਅਪਰੂਵਲ ਦਿੱਤੀ ਗਈ ਹੈ।ਇਹਨ੍ਹਾਂ ਕੰਮਾਂ ਦੇ ਮਾਨਯੋਗ ਐਮ.ਐਲ.ਏ ਹਲਕਾ ਸੈਟਰਲ ਵਲੋਂ ਟੈਂਡਰ ਲਗਾਊਣ ਲਈ ਕਿਹਾ ਗਿਆ ਹੈ।ਮਿਤੀ 24.08.2020 ਨੂੰ ਨਵਾਂ ਸੀ.ਐਸ.ਆਰ ਆਉਣ ਕਰਕੇ ਇਹਨ੍ਹਾਂ ਕੰਮਾਂ ਦੇ ਰੇਟ ਰਿਵਾਇਜਡ ਕੀਤੇ ਗਏ ਹਨ।ਜੋ 25% ਵੈਰੀਏਸ਼ਨ ਤੋਂ ਵੱਧ ਹਨ ,ਹੇਠ ਲਿਖੇ ਅਨੁਸਾਰ ਹੈ।

Sr. no.	Ward no	Name of work	Estimate amount in (lac)	House Reso No. & Date	Revised Amount in lac
1	20	P/L of Premix Carpet 20mm Th.on roads of Sehdev Market	13.27		24.17
2	20	Laying of PC at Street no.1, Abadpura near Gurudwara	5.50		4.27
3	20	P/L of CC in streets of Balmiki Mohalla	6.30		11.05
4	67	P/L of BM&PC on the road At H.M.V.College	16.17		28.17
5	51	P/L of cement conc in the various street of ward no 51	15.10	142(83) 24.12.19	21.73
6	51	P/L of cement conc in kot pakshian mohalla ward no 51	12.54	142(84) 24.12.19	17.83
7	50	P/L of cement conc in the street of machina wali galli ward no 50	2.39	142(82) 24.12.19	3.45
8	50	P/L of cement conc in the street of makdoompura and kot paksian mohalla	17.47	142(81) 24.12.19	25.30
9	52	P/L of cement conc 1.2.4 in the malka chowk and Mombatiyan wali street ward no 52	5.91	100(84) 25.06.18	8.66
10	52	P/L of cement conc in the street of chowk sudan mandhir wali galli and Charnjitpura	5.82	142(85) 24.12.19	8.48
11	52	Const of cement conc. in alli mohalla ward no 52	4.50	142(87) 24.12.19	6.32
12	56	P/L of cemnt con in the street of amrik nager ward no 56	18.09	142(96) 24.12.19	26.46
13	56	P/L of cement conc in the street ajit nager and new Ajit nagar ward no 56	20.92	142(97) 24.12.19	33.24
14	52	P/L of C.C 1:2:4 in the street of Charanjit Pura	12.44		20.86

ਇਹਨ੍ਹਾਂ ਕੰਮਾਂ ਦੇ ਸੋਧਿਆ ਤਖਮੀਨਿਆਂ ਦੀ ਰਕਮ ਦੀ ਮਾਨਯੋਗ ਹਾਊਸ ਤੋਂ ਐਨਟੀਸੀਪੇਸ਼ਨ ਅਪਰੂਵਲ ਲੋੜੀਂਦੀ ਹੈ ਅਤੇ ਇਹਨ੍ਹਾਂ ਕੰਮਾਂ ਦੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ । ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਵੱਖ-ਵੱਖ ਮਿਤੀਆਂ ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 15.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 15.12.2020 ਰਾਹੀਂ ਉਪਰੋਕਤ ਅਨੁਸਾਰ ਤਖਮੀਨੇ ਰਿਵਾਈਜਡ ਕਰਨ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਰਿਵਾਇਜ਼ਡ ਤਖਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2021

ਮਤਾ ਨੰਬਰ:-11

ਵਿਸ਼ਾ:- ਨਵਾਂ ਸੀ.ਐਸ.ਆਰ ਲਾਗੂ ਹੋਣ ਕਾਰਨ ਰਿਵਾਇਜਡ ਤਖਮੀਨਿਆਂ ਦੀ ਅਪਰੂਵਲ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਲਈ।

ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਦੇ ਮਾਨਯੋਗ ਹਾਊਸ ਵੱਲੋਂ ਵੱਖ-ਵੱਖ ਮਤਿਆਂ ਰਾਹੀਂ ਕੰਮ ਪਾਸ ਕੀਤੇ ਗਏ ਹਨ ਜਾਂ ਐਨਟੀਸੀਪੇਸ਼ਨ ਅਪਰੂਵਲ ਦਿੱਤੀ ਗਈ ਹੈ। ਇਹਨਾਂ ਕੰਮਾਂ ਦੇ ਮਾਨਯੋਗ ਐਮ.ਐਲ.ਏ ਹਲਕਾ ਕੈਂਟ ਵੱਲੋਂ ਟੈਂਡਰ ਲਗਾਉਣ ਲਈ ਕਿਹਾ ਗਿਆ ਹੈ। ਮਿਤੀ:24.08.2020 ਨੂੰ ਨਵਾਂ ਸੀ.ਐਸ.ਆਰ ਆਉਣ ਕਰਕੇ ਇਹਨ੍ਹਾਂ ਕੰਮਾਂ ਦੇ ਰੇਟ ਰਿਵਾਇਜਡ ਕੀਤੇ ਗਏ ਹਨ ਜ਼ੋ ਕਿ 25% ਦੀ ਵੈਰੀਏਸ਼ਨ ਤੋਂ ਘੱਟ ਹਨ। ਇਹਨ੍ਹਾਂ ਸੋਧੇ ਹੋਏ ਤਖਮੀਨਿਆਂ ਦੀ ਰਕਮ ਨੂੰ ਹੇਠਾਂ ਟੇਬਲ ਵਿੱਚ ਦਰਸਾਇਆ ਗਿਆ ਹੈ ਜ਼ੋ 25% ਵੈਰੀਏਸ਼ਨ ਤੋਂ ਘੱਟ ਹਨ, ਦਾ ਵੇਰਵਾ ਲਿਖੇ ਅਨੁਸਾਰ ਹੈ।

Sr. No.	W. No.	Name of work	Est. Amt. (In Lacs)	House Reso. No. & Date	Revised Est. Amt. (in Lacs)
1	22	P/F of road furniture.	9.16	98(8) 25.06.18	9.92
2	25	P/F of road furniture.	9.16	98(18) 25.06.18	9.92
3	26	P/F of road furniture	9.16	98(21) 25.06.18	9.92
4	30	P/F of road furniture.	9.16	98(35) 25.06.18	9.92
5	21	P/F of road furniture.	9.16	98(2) 25.06.18	9.92
6	24	P/F of road furniture.	9.16	98(14) 25.06.18	9.92
7	29	P/F of road furniture.	9.16	98(33) 25.06.18	9.92
8	28	P/F of road furniture.	9.16	98(30) 25.06.18	9.92
9	31	P/F of road furniture.	9.16	98(37) 25.06.18	9.92
10	21	Const. of parking place near Glassy Junction Bus Stand.	22.17	142(39) 24.12.19	26.38
